੧ੴ ਸਤਿਗੁਰ ਪ੍ਰਸਾਦਿ

# ਖ਼ਰਾ ਸੌਦਾ

ਭਾਈ ਸਾਹਿਬ ਭਾਈ ਵੀਰ ਸਿੰਘ

# ਸੇਵ ਕਮਾਈ

ਮਨੋਰਾਜ ਸਿੰਘ

ਸੰਪਾਦਕ : ਡਾ. ਬਲਬੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ–110001

 www.sikhbookclub.com

**Khara Sauda**
Bhai Vir Singh

**Sev Kamai**
Manoraj Singh

ISBN # 978-93-80854-65-6
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
27ਵੀਂ ਐਡੀਸ਼ਨ, ਅਗਸਤ, 2010

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***Printer :***
Print Media
1331, Chok Sangatrashan,
Paharganj, New Delhi - 110055
(m) 9810765258

ਮੁੱਲ : 35/- ਰੁਪਏ

 www.sikhbookclub.com

# ਪ੍ਰਵੇਸ਼ਕਾ

'ਖ਼ਰਾ ਸੌਦਾ' ਲੇਖ ਪ੍ਰਕਾਸ਼ਮਈ ਸਖਸ਼ੀਅਤ ਦੇ ਮਾਲਿਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਰਚਨਾ ਹੈ। ਜਿਸਦਾ ਜ਼ਿਕਰ ਗੁਰੂ ਨਾਨਕ ਚਮਤਕਾਰ 'ਪੂਰਬਾਰਧ' ਦੇ ਪੰਨਾ 56 ਤੇ ਹੈ। ਇਹ ਪਹਿਲੀ ਵਾਰੀ ਸੰਮਤ ਗੁਰੂ ਨਾਨਕ ਸਾਹਿਬ 454 (1923 ਈ.) ਦੇ ਗੁਰਪੁਰਬ ਪੂੰਨਮ ਤੇ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ ਟ੍ਰੈਕਟ ਨੰਬਰ 694 ਤੇ 695 ਦੇ ਰੂਪ ਵਿੱਚ ਪ੍ਰਕਾਸ਼ਿਆ ਗਿਆ ਸੀ। ਗੁਰਪੁਰਬਾਂ ਤੇ ਹੋਰ ਮੌਕਿਆਂ ਤੇ ਭਾਈ ਸਾਹਿਬ ਦੁਆਰਾ ਗੁਰੂ ਸਾਹਿਬਾਨਾਂ ਦੇ ਅਜਿਹੇ ਜੀਵਨ-ਪ੍ਰਸੰਗ ਲਿਖ ਕੇ ਸੰਗਤਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚਾਏ ਜਾਂਦੇ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿਤ੍ਰ ਵਿੱਚੋਂ ਲਏ ਗਏ ਪ੍ਰਸੰਗ 'ਖ਼ਰਾ ਸੌਦਾ' ਪਾਠਕ ਦੇ ਮਨ ਅੰਦਰ ਇਕ ਦਿਲ-ਖਿੱਚਵੀਂ ਛਾਪ ਛੱਡ ਦਿੰਦਾ ਹੈ। ਪਾਠਕ ਜਿਉਂ-ਜਿਉਂ ਇਸ ਜੀਵਨ-ਪ੍ਰਸੰਗ ਨੂੰ ਵਾਚਦੇ ਹਨ, ਇਸਦੇ ਪ੍ਰਭਾਵ ਨੂੰ ਨਾਲ ਹੀ ਨਾਲ ਮਹਿਸੂਸ ਕਰਦੇ ਹਨ ਜਿਸ ਵਿੱਚ ਉਹਨਾਂ ਨੂੰ ਉੱਚ-ਜੀਵਨ ਦੇ ਨੁਕਤੇ ਜਿਵੇਂ ਹੁਕਮ ਮੰਨਣਾ, ਤਪ ਤੇ ਹਉਮੈ ਮਾਇਆ ਦਾ ਪ੍ਰਤੀਕ ਹੈ ਅਤੇ ਭਗਤੀ ਗਿਆਨ ਦੇ ਪ੍ਰਕਾਸ਼ ਦੀ, ਸਰੀਰ ਦਾ ਧਰਮ ਖੇਚਲ ਸਹਿਣਾ ਹੈ ਤੇ ਮਨ ਦਾ ਧਰਮ ਪਿਆਰ ਵਿੱਚ ਪਿਘਲਣਾ ਹੈ, ਮਾਇਆ ਦਾ ਧਰਮ ਸੇਵਾ ਹੈ ਅਤੇ ਸੱਚ ਨੂੰ ਪਛਾਣਨ ਵਾਲੀਆਂ ਅੱਖੀਆਂ ਦੀ ਲੋੜ ਬਾਰੇ ਭਰਭੂਰ ਜਾਣਕਾਰੀ ਪ੍ਰਾਪਤ ਕਰਨ ਤੋਂ ਇਲਾਵਾ ਜਿੰਦਗੀ ਨੂੰ ਉਸ ਅਸਲੀਅਤ ਦਾ ਝਲਕਾ ਵੱਜਣ ਲੱਗਦਾ ਹੈ ਜਿਸ ਸੱਚ ਨੂੰ ਪਛਾਣਨ ਲਈ ਤਪ ਨਾਲੋਂ ਭਗਤੀ ਦੀ ਲੋੜ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਚਾਰ ਮਹਾਂ ਦੁਖਾਂ ਵਿੱਚੋਂ ਇਕ ਦੁੱਖ 'ਭੁੱਖ' ਨੂੰ ਮੰਨਿਆ ਹੈ। ਉਹਨਾਂ ਨੇ ਵੀਹ ਰੁਪਇਆਂ ਨਾਲ ਸੱਤ ਦਿਨਾਂ ਦੇ ਭੁੱਖੇ ਸੰਤਾਂ ਨੂੰ ਭੋਜਨ ਛਕਾ ਕੇ ਜੀਵ ਨੂੰ ਆਪਣੇ ਪਰਮ-ਧਰਮ ਪ੍ਰਤੀ ਜਾਗ੍ਰਿਤ ਕੀਤਾ ਹੈ।

ਭਾਈ ਮਨੋਰਾਜ ਸਿੰਘ ਜੀ ਦੁਆਰਾ ਲਿਖਿਤ ਅਤੇ ਡਾ. ਬਲਬੀਰ ਸਿੰਘ ਜੀ ਦੁਆਰਾ ਸੰਪਾਦਿਤ 'ਸੇਵ ਕਮਾਈ' ਲੇਖ ਖਾਲਸਾ ਸਮਾਚਾਰ ਜਿਲਦ 59, ਅੰਕ 1, ਮਿਤੀ 7 ਨਵੰਬਰ 1957 ਈਸਵੀ ਦੇ ਗੁਰਪੁਰਬ ਪਰਚੇ ਦਾ ਮੁੱਖ

 www.sikhbookclub.com

ਲੇਖ ਰਿਹਾ ਹੈ। ਡਾ. ਬਲਬੀਰ ਸਿੰਘ ਜੀ ਦੀ ਪੁਸਤਕ 'ਲੰਮੀ ਨਦਰ' ਵਿੱਚ ਸੰਪਾਦਿਤ ਇਹ ਲੇਖ ਭਾਈ ਮਨੋਰਾਜ ਸਿੰਘ ਜੀ ਦੀ ਨਿੱਜੀ ਜਿੰਦਗੀ ਵਿੱਚ ਵਾਪਰੇ ਉਹਨਾਂ ਅਕਿਹ ਅਨੁਭਵਾਂ ਦਾ ਪ੍ਰਗਟਾਵਾ ਹੈ, ਜਿਸ ਵਿੱਚ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਸੇਧ ਦੇ ਬੇਨਜ਼ੀਰ ਨਮੂਨੇ ਵੇਖਣ ਨੂੰ ਮਿਲਦੇ ਹਨ। ਲਿਖਿਤ ਵਿਚਲੇ ਪਾਤਰ ਸੇਵਾ-ਬੰਦਗੀ ਦੇ ਸਿਖਰੀ ਝਲਕਾਰੇ ਹਨ, ਜੋ ਕਿ ਆਪਣੀ ਸੇਵਾ ਅਤੇ ਪ੍ਰੇਮ ਦੇ ਸੁਮੇਲ ਨਾਲ ਜਨ-ਕਣ ਨੂੰ 'ਸਹਿਜ' ਬਖਸ਼ਿਸ਼ ਕਰਦੇ ਹਨ। ਇਸਨੂੰ ਪੜ੍ਹ ਕੇ ਜਗਿਆਸੂ ਪਾਠਕ ਆਪਣੀ ਸੁਰਤ ਨੂੰ ਗੁਰੂ ਸਮ੍ਰਿਤੀ ਤੱਕ ਲਜਾ ਸਕਦਾ ਹੈ ਅਤੇ ਸੇਵਾ ਦੇ ਅਨੰਤ ਮਹਾਤਮ ਨੂੰ ਆਪਣੀ ਜਿੰਦਗੀ ਵਿੱਚ ਉਤਾਰ ਸਕਦਾ ਹੈ।

'ਖ਼ਰਾ ਸੌਦਾ ਤੇ ਸੇਵ ਕਮਾਈ' ਨਾਮਕ ਰਚਨਾਵਾਂ ਨੂੰ ਪੰਜਾਬੀ ਪਾਠਕਾਂ ਵਲੋਂ ਭਰਵਾਂ ਹੁੰਗਾਰਾਂ ਪ੍ਰਾਪਤ ਹੋਇਆ ਹੈ। ਇਸੇ ਕਰਕੇ ਇਹਨਾਂ ਨੂੰ ਪੁਸਤਕ ਰੂਪ ਵਿੱਚ ਮੁੜ ਛਾਪ ਕੇ ਪਾਠਕਾਂ ਦੇ ਰੁਬਰੂ ਕੀਤਾ ਜਾ ਰਿਹਾ ਹੈ ਤਾਂ ਕਿ ਵਿਦਿਆਰਥੀ-ਪਾਠਕ ਅਤੇ ਹੋਰ ਸਾਹਿਤ ਪ੍ਰੇਮੀ ਵੀ ਇਹਨਾਂ ਤੋਂ ਭਰਭੂਰ ਲਾਭ ਉਠਾ ਸਕਣ।

ਭਾਈ ਵੀਰ ਸਿੰਘ ਸਾਹਿਤ ਸਦਨ,
ਅਪ੍ਰੈਲ, 2010

ਡਾ. ਜਸਵੰਤ ਸਿੰਘ ਨੇਕੀ
ਸਕੱਤਰ


www.sikhbookclub.com

੧ੴ ਸਤਿਗੁਰ ਪ੍ਰਸਾਦਿ॥

# ਖ਼ਰਾ ਸੌਦਾ*

## 1. ਦਿਲਗੀਰੀ

ਮਾਤਾ (ਤ੍ਰਿਪਤਾ)— ਜਿਉਂ ਦੀ ਠੰਢੀ ਰੁਤ ਆਈ ਹੈ, ਕਾਕੀ! ਤੇਰੇ ਵੀਰ ਜੀ ਹੁਣ ਦਿਨੇ ਰਾਤ ਪਏ ਰਹਿੰਦੇ ਹਨ, ਨਾਂ ਉਠਦੇ ਹਨ, ਨਾਂ ਫਿਰਦੇ ਹਨ, ਨਾਂ ਟੁਰਦੇ ਹਨ, ਨਾਂ ਕਿਸੇ ਨਾਲ ਕੂੰਦੇ ਸਹਿੰਦੇ ਹਨ, ਕਦੇ ਤੇਰੇ ਨਾਲ ਬੀ ਬੋਲੇ ਚੱਲੇ ਹਨ ਕਿ ਨਹੀਂ?

ਬੀਬੀ (ਨਾਨਕੀ)— ਅੰਮਾਂ ਜੀ! ਘੱਟ ਹੀ ਬੋਲਦੇ ਹਨ, ਆਪਣੇ ਕਿਸੇ ਰੰਗ ਵਿਚ ਮਗਨ ਪਏ ਰਹਿੰਦੇ ਹਨ, ਤ੍ਰੈ ਮਹੀਨੇ ਹੋਣ ਤੇ ਆਏ ਹਨ, ਇਹੋ ਹਾਲ ਹੈ।

ਮਾਤਾ— ਕੀ ਕਰੀਏ? ਇਕੋ ਇਕ ਪੁੱਤ! ਉਹ ਬੀ ਕਦੇ ਬਾਉਲਾ ਕਦੇ ਕਮਲਾ, ਕਦੇ ਘਰ ਲੁਟਾਉਂਦਾ, ਕਦੇ ਪਿਆ ਰਹਿੰਦਾ, ਕਦੇ ਉਸਰੱਗੀਆਂ, ਕਦੇ ਦਿਲਗੀਰੀਆਂ! ਹੇ ਭਗਵੰਤ ਸਾਡੇ ਭਾਗ! ਕਿਵੇਂ ਕਰੀਏ?

ਬੀਬੀ— ਅੰਮਾਂ ਜੀ! ਇਉਂ ਨਾ ਆਖੋ, ਸਾਡੇ ਭਾਗ ਸਾਰੇ ਜਗਤ ਤੋਂ ਚੰਗੇ, ਵੀਰ ਜੀ ਸਾਰਿਆਂ ਤੋਂ ਉੱਚੇ। ਜੋ ਕੌਤਕ ਕਰਦੇ ਹਨ ਸਭ ਉਨ੍ਹਾਂ ਦੇ ਚੋਜ ਹਨ। ਓਹ ਜਗਤ ਦੀ ਹੋਸ਼ ਹਨ, ਮਾਂ ਜੀ! ਕਮਲੇ ਨਾ ਆਖੋ।

ਮਾਤਾ— ਕਾਕੀ! ਤੈਨੂੰ ਪਤਾ ਨਹੀਂ ਕੀਹ ਦਿਸਦਾ ਹੇ ਤੇ ਕਿਵੇਂ ਦਿਸਦਾ ਹੈ, ਸਾਡੀ ਤਾਂ ਨਮੋਸ਼ੀ ਨਾਲ ਜਾਨ ਅੱਕਲਕਾਂਦ ਆ ਗਈ ਹੈ ਤੇ ਫ਼ਿਕਰਾਂ ਨਾਲ

---

* ਇਹ ਲੇਖ ਸੰਮਤ ਗੁ:ਨਾ:ਸਾ 454 (1923 ਈ:) ਦੇ ਗੁਰਪੁਰਬ ਪੁੰਨਮ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

 www.sikhbookclub.com

ਦਿਲ ਬਹਿ ਗਿਆ ਹੈ। ਹੋਸ਼ ਕਰੇ, ਉੱਠੇ, ਟੁਰੇ ਫਿਰੇ, ਕੰਮ ਕਾਜ ਕਰੇ, ਘਰ ਬਾਰ ਸਾਂਭੇ, ਸੁਹਣਾ ਖਟਾਊ ਪੁੱਤ੍ਰ ਬਣੇ, ਦਉਂ ਦਉਂ ਕਰਦਾ ਆਵੇ, ਹੱਸੇ, ਵੱਸੇ, ਰੱਸੇ, ਖਿੜੇ ਖਿੜਾਵੇ। ਹਰ ਵੇਲੇ ਪਏ ਰਹਿਣਾਂ, ਕਦੇ ਰੋਣ ਲਗਣਾ ਤਾਂ ਰੋਈ ਹੀ ਜਾਣਾ, ਹੱਸਣ ਲਗਣਾ ਤਾਂ ਹੱਸੀ ਹੀ ਜਾਣਾ। ਸਿਰ ਮੂਧੇ ਪੈਣਾ ਤਾਂ ਕਈ ਡੰਗ ਰੋਟੀ ਬੀ ਭੁੱਲ ਜਾਣੀ, ਜੇ ਉੱਠਣਾ ਟੁਰਣਾ ਫਿਰਨਾ ਤਾਂ ਬਨਾਂ ਵਿਚ, ਘਰ ਦੀਆਂ ਸ਼ੈਆਂ ਚੁਕਣੀਆਂ ਤਾਂ ਬਾਹਰ ਦੇ ਆਉਣੀਆਂ, ਇਹ ਕੀ ਹੋਸ਼ ਹੋਈ! ਘਰ ਘਰ ਵਿਚ ਇਹਦੀਆਂ ਗੱਲਾਂ ਦੀ ਚਰਚਾ ਹੈ। ਪਿਉ ਤੇਰੇ ਦੀ ਭੁੱਖ ਸੁੱਕ ਗਈ ਹੈ, ਆਖਦੇ ਹਨ– ਕੀ ਕਰਾਂ ਤੇ ਕੀਹ ਨਾਂ ਕਰਾਂ? ਪਹਿਲਾਂ ਪਾਂਧੇ ਦੇ ਪੜ੍ਹਨੇ ਪਾਇਆ ਜੋ ਲੇਖਾ ਚੋਖਾ ਸਿਖੇ। ਫੇਰ ਪੰਡਿਤ ਦੇ ਪਾਇਆ। ਓਥੇ ਕੁਝ ਨਾ ਬਣਿਆ ਤਾਂ ਮੁੱਲਾਂ ਦੇ ਪਾਇਆ ਜੋ ਪਾਰਸੀ ਹੀ ਆ ਜਾਵੇ ਸੂ। ਅਸੀਂ ਆਮਲ ਲੋਕ ਹੋਏ, ਵਿਦਯਾ ਪਾ ਜਾਵੇ ਤਾਂ ਕਿਸੇ ਚੰਗੇ ਹੁੱਦੇ ਤੇ ਅੱਪੜੇ ਪਰ ਸਾਡੀ ਮਿਹਨਤ ਐਵੇਂ ਗਈ। ਨਾਂ ਪਾਂਧੇ, ਨਾਂ ਮੁੱਲਾਂ ਕਿਸੇ ਦੇ ਨਾ ਟਿਕ ਕੇ ਪੜ੍ਹਿਆ ਤੇਰਾ ਵੀਰ। ਫੇਰ ਕਿਹਾ: ਹੱਛਾ ਜੇ ਇਸ ਦੇ ਭਾਗ ਮਿਹਨਤ ਮਜੂਰੀ ਦੇ ਹਨ ਤਾਂ ਗਊਆਂ ਮਝਾਂ ਚਾਰੇ, ਨਾਲੇ ਵਿਹਲਾ ਰਹੇ ਨਾਲੇ ਕੰਮ ਸਿੱਖੇ, ਵੱਗ ਲੈ ਦਿਆਂਗੇ ਤਾਂ ਅਪਣੇ ਗੁਜ਼ਾਰੇ ਜੋਗਾ ਹੋ ਕੇ ਸੁਖੀ ਹੋ ਜਾਏਗਾ। ਉਹ ਬੀ ਰਹੀ। ਖੇਤੀ ਕਰਨ ਵਿਚ ਲਾਇਆ, ਉਹ ਬੀ ਉਜਾੜੀ। ਕਿਹੜਾ ਕਿੱਤਾ ਰਹਿ ਗਿਆ ਜਿਹੜਾ ਇਸ ਨੂੰ ਸਿਖਾਈਏ? ਕਿਹੜੀ ਕਾਰ ਰਹਿ ਗੀ ਜਿਸ ਵਿਚ ਇਸ ਨੂੰ ਲਾਈਏ? ਜੇ ਚਾਰ ਦਿਨ ਉਸਰੱਗੀ ਫੜਦਾ ਹੈ ਤਾਂ ਦੋ ਦੋ ਮਹੀਨੇ ਫੇਰ ਉਦਾਸੀ। ਬਨਾਂ ਵਿਚ ਜਾ ਜਾ ਬਹਿਣਾ, ਨਾ ਕਿਸੇ ਨਾਲ ਭਿੱਜਣਾ ਨਾ ਗੱਲ ਬਾਤ, ਘਰੋਂ ਘਾਟੋਂ ਗਏ ਫਕੀਰ ਆ ਇਸ ਅੱਗੇ ਹੱਥ ਜੋੜ ਬਹਿੰਦੇ ਹਨ ਤੇ ਉਹਨਾਂ ਨਾਲ ਬੋਲਦਾ ਹੈ ਪਰ ਸਾਡੇ ਲਈ ਚੁੱਪਾਂ ਤੇ ਦੜ-ਵੱਟਾਂ। ਕਿਹੜੀ ਗੱਲ ਦਾ ਮੈਂ ਮਾਣ ਕਰਾਂ ਤੇ ਤੇਰੇ ਵਾਂਗ ਆਖਾਂ– ਡਾਢਾ ਚੰਗਾ ਹੈ? ਕਹਿੰਦੇ ਹਨ ਇਕ ਪੁਤ ਦੀ ਮਾਂ ਅੰਨ੍ਹੀ ਹੁੰਦੀ ਹੈ। ਉਹ ਗੱਲ ਸੱਚੀ ਹੈ, ਹਾਇ ਮੈਂ ਕਮਲੀ ਹੋਈ ਰਹਿੰਦੀ ਹਾਂ, ਇਕੋ ਇਕ ਪੁਤ, ਕਦੇ ਲੋਕਾਂ ਦੇ ਪੁੱਤਾਂ ਵਾਂਙੂ ਨਾ ਖਿੜਿਆ ਡਿੱਠਾ।

ਬੀਬੀ— ਅੰਮਾਂ ਜੀ! ਠੀਕ ਪਏ ਆਂਹਦੇ ਹੋ, ਪਰ ਵੀਰ ਦੁਨੀਆਂ ਦਾ ਨਹੀਂ ਨਾ, ਵੀਰ ਧੁਰਾਂ ਦਾ ਹੈ। ਮੈਂ ਤਾਂ ਅੰਞਾਣੀ ਹਾਂ, ਪਰ ਮੈਨੂੰ ਝਾਉਲ ਤੇ ਝਲਕਾਰੇ ਜੋ ਪੈਂਦੇ ਹਨ ਵੀਰ ਦੇ, ਉਹ ਡਾਢੇ ਅਨੋਖੇ ਹਨ। ਵੀਰ ਖੇਤੀਆਂ, ਹੁੱਦੇਦਾਰੀਆਂ ਲਈ ਨਹੀਂ ਆਇਆ। ਤੁਸੀਂ ਓਦਰਿਆ ਨਾ ਕਰੋ। ਵੀਰ ਨੂੰ

ਖੁਸ਼ ਰੱਖੇ, ਤਦ ਦੇਖੋ ਕੋਈ ਗੱਲ ਐਸੀ ਨਿਕਲੇਗੀ ਕਿ ਤੁਸੀਂ ਖੁਸ਼ ਹੋਸੋ। ਬੀਬੀ ਅੰਮਾ ਜੀ! ਤੁਸੀਂ ਕਿਵੇਂ ਪਏ ਆਖੋ, ਵੀਰ ਜੀ ਡਾਢੇ ਉੱਚੇ ਹਨ, ਉਹ ਤਾਂ ਮਾਂ ਜੀ! ਨਿਰੇ ਚਾਨਣ ਹਨ। ਮੈਂ ਆਪ ਡਿੱਠੇ ਹਨ ਚਾਨਣ!

ਮਾਤਾ— ਭੈਣਾਂ ਨੂੰ ਵੀਰਾਂ ਨਾਲ ਮੋਹ ਹੁੰਦਾ ਹੀ ਹੈ, ਡਾਢਾ ਕੂਲਾ ਕੂਲਾ ਪਿਆਰ, ਤਦੇ ਤੂੰ ਬੀ ਵੀਰ ਦਾ ਪੱਖ ਕਰਦੀ ਹੈਂ ਪਰ ਕਦੇ ਸਮਝਾਇਆ ਬੀ ਹੈ ਕਿ ਮਾਂ ਪਿਉ ਕਲਪਦੇ ਹਨ, ਇਹਨਾਂ ਦੇ ਆਖੇ ਲੱਗ? ਬੱਚੀ! ਤੈਨੂੰ ਬੀ ਸਮਝਾਇਆ ਬਣਦਾ ਹੈ।

ਬੀਬੀ— ਅੰਮਾਂ ਜੀ! ਮੈਂ ਉਮਰੋਂ ਤਾਂ ਵੱਡੀ ਠਹਿਰੀ ਪਰ ਉਂਵ ਤਾਂ ਉਹ ਵੱਡੇ ਹਨ, ਹਾਂ ਡਾਢੇ ਉੱਚੇ ਹਨ, ਉੱਚੇ ਨੂੰ ਮੈਂ ਕੀ ਆਖਾਂ? ਮੇਰੇ ਨਾਲ ਜੇ ਕੋਈ ਗੱਲ ਕਰਦੇ ਹਨ ਤਾਂ ਇਹ ਕਿ ਜੋ ਦਿੱਸਦਾ ਹੈ ਭੁਲਾਵਾ ਹੈ, ਇਸ ਦੇ ਵਿਚ ਅਸਲ ਹੋਰ ਹੈ। ਫੇਰ ਉਹਦੀਆਂ ਗੱਲਾਂ ਡਾਢੇ ਪਿਆਰ ਨਾਲ ਕਰੀ ਜਾਂਦੇ ਹਨ ਤੇ ਨੈਣ ਛਮਾ ਛਮ ਵਹਿੰਦੇ ਹਨ। ਜੇ ਮੈਂ ਕਦੇ ਆਖਦੀ ਹਾਂ ਕਿ 'ਮਾਂ ਤੇ ਪਿਤਾ ਜੀ ਦੁਖੀ ਹਨ, ਕੁਛ ਉਹਨਾਂ ਦੇ ਜੀ ਦੀ ਬੀ ਸੁਣਿਆ ਕਰੋ', ਤਾਂ ਮੇਰੇ ਵੰਨੇ ਤੱਕ ਕੇ ਕਹਿੰਦੇ ਹਨ, 'ਬੀਬੀ! ਤੂੰ ਬੀ ਉਹੋ ਗੱਲਾਂ ਕਰਨ ਲੱਗੀ ਹੈਂ?' ਫੇਰ ਮਾਂ ਜੀ! ਮੇਰੇ ਅੰਦਰ ਇਕ ਖੋਹ ਪੈ ਕੇ- ਮੈਂ ਚੁਪ ਕਰਕੇ ਬਹਿ ਜਾਂਦੀ ਹਾਂ ਤੇ ਆਮੁਹਾਰੀ ਕਹਿ ਦੇਂਦੀ ਹਾਂ, 'ਨਹੀਂ ਵੀਰ ਜੀ! ਜਿਵੇਂ ਤੁਸਾਂ ਦੀ ਰਜ਼ਾ! ਤੁਸੀਂ ਬੜੇ ਉੱਚੇ ਹੋ!' ਕਿਸੇ ਵੇਲੇ ਮੈਂ ਕਹਿੰਦੀ ਹਾਂ, 'ਪਿਤਾ ਜੀ ਡਾਢੇ ਦੁੱਖ ਵਿਚ ਹਨ', ਤਾਂ ਅਰਸ਼ਾਂ ਵੱਲ ਤੱਕ ਕੇ ਨੈਣ ਭਰ ਲੈਂਦੇ ਤੇ ਕਹਿੰਦੇ ਹਨ, 'ਹਾਂ ਭੈਣੀ ਜੀਓ! ਜਗਤ ਬੜਾ ਦੁਖੀ ਹੈ', ਪਤਾ ਨਹੀਂ ਅੰਮਾਂ ਏਸ ਦਾ ਕੀ ਮਤਲਬ ਹੈ।

ਮਾਤਾ— ਹੁਣ ਦੋ ਮਹੀਨੇ ਮੂਧੜੇ ਮੂੰਹ ਪਿਆਂ ਰਹਿਣ ਨੂੰ ਆਏ, ਕਦੇ ਇਹ ਤਾਂ ਸਮਝਾ ਸੁ ਬਈ ਹੋਰ ਤਾਂ ਛਡਿਆ ਆਪਣੇ ਸਰੀਰ ਦੀ ਹੀ ਹੋਸ਼ ਕਰੇ?

ਬੀਬੀ— ਮਾਂ ਜੀ! ਇਹਨਾਂ ਦਿਨਾਂ ਵਿਚ ਮੈਂ ਜਦ ਕਦੇ ਉਹਨਾਂ ਕੋਲ ਗਈ, ਹਿਕੇ ਵਾਜ ਮਾਰੀ ਹੈ: 'ਵੀਰ ਜੀ!' ਤਾਂ ਅਗੋਂ ਕੂਏ ਨਹੀਂ। ਮੈਂ ਮਲਕੜੇ ਪਾਸ ਬਹਿ ਗਈ ਹਾਂ ਤਾਂ ਸਹਿਜੇ ਸਹਿਜੇ ਮੈਨੂੰ ਇਕ ਲੋ ਵੀਰਨ ਜੀ ਦੇ ਉਦਾਲੇ ਦਿੱਸਣ ਲਗ ਪਈ ਹੈ। ਉਹ ਲੋ ਬਾਹਰ ਦੇ ਚਾਨਣੇ ਦੀ ਨਹੀਂ ਹੁੰਦੀ। ਇਕ ਦਿਨ ਏਸੇ ਤਰ੍ਹਾਂ ਓਸ ਲੋ ਵਿਚ, ਚਾਨਣੇ ਜਿਹੇ ਦੇ ਬਣੇ ਹੋਏ ਅਮਿਤ ਲੋਕੀਂ ਉਹਨਾਂ ਦੇ ਉਦਾਲੇ ਤੱਕੇ। ਇਕ ਦਿਨ ਓਥੇ ਡਾਢੇ ਮਿੱਠੇ ਗੌਣਾਂ ਦੀ ਅਵਾਜ਼ ਆ ਮੁਹਾਰੀ

ਪਈ ਆਵੇ। ਕਲੇਜਾ ਪਾਸ ਬੈਠਿਆਂ ਠਰਦਾ ਹੈ, ਆ ਮੁਹਾਰਾ ਚਿਤ ਕਿਸੇ ਸੁਆਦ ਵਿਚ ਗੁੰਮਦਾ ਗੁੰਮਦਾ ਜਾਂਦਾ ਹੈ, ਸੋ ਮੈਂ ਜਿੰਨੀ ਵੇਰ ਅੰਮੀਂ ਜੀ, ਗਈ ਹਾਂ, ਅਦਬ ਤੇ ਸਹਿਮ ਨਾਲ ਠਠੰਬਰ ਗਈ ਹਾਂ ਤੇ ਕੁਝ ਕਹਿ ਨਹੀਂ ਸਕੀ।

ਮਾਂ— ਤੂੰ ਬੀ ਖ਼ਬਰੇ ਵੀਰ ਦੇ ਮਗਰੇ ਬਾਉਲੀ ਹੋ ਚੱਲੀਏਂ, ਕੁੜੀਏ! ਹੋਸ਼ ਕਰ, ਉਹ ਤਾਂ ਆਦਮੀ ਹੈ, ਜਿਵੇਂ ਕਿਵੇਂ ਦਿਨ ਕੱਟ ਸਕਦਾ ਹੈ, ਤੂੰ ਧੀ ਦਾ ਧਨ ਹੈਂ। ਤੂੰ ਤਾਂ ਸੱਸ ਨਿਨਾਣਾਂ ਨਾਲ ਕੱਟਣੀ ਹੈ, ਤੂੰ ਬੀ ਜੇ ਏਹੋ ਬੋਲੀਆਂ ਪਾਉਣ ਸਿੱਖ ਗਈ ਤਾਂ ਕੀਹ ਬਣੇਗਾ? ਹੋਸ਼ ਕਰ, ਸੰਭਲ! ਵਹਿਮਾਂ ਵਿਚ ਨਹੀਂ ਪਈਦਾ। ਆ ਮੁਹਾਰੇ ਅਮਰੀ ਲੋਕ ਪਏ ਤੁਹਾਨੂੰ ਭੈਣ ਭਰਾਵਾਂ ਨੂੰ ਦੀਹਦੇ ਹਨ ਤੇ ਅਸੀਂ ਪਾਸ ਬੈਠੇ ਰੋਂਦੇ ਕੁਰਲਾਉਂਦੇ ਨਹੀਂ ਦੀਹਦੇ। ਹਾਂ ਮਾਂ ਪਿਉ ਪਏ ਕੁੱਝਣ, ਖ਼ੇਸ਼ ਕਬੀਲਾ ਪਿਆ ਪਿੱਟੇ, ਨਮੋਸ਼ੀ ਪਈ ਹੋਵੇ ਤੇ ਤੁਸੀਂ ਪਏ ਦਿਨ ਦੀਵੇ ਸੁਫਨਿਆਂ ਵਿਚ ਉਡਾਰੀਆਂ ਮਾਰੋ।

ਬੀਬੀ (ਨੈਣ ਭਰਕੇ)— ਅੰਮੀ ਜੀ! ਗੁੱਸੇ ਨਾ ਨਾ ਹੋਵੋ, ਡਾਢੇ ਚੰਗੇ ਅੰਮੀਂ ਜੀ! ਮੇਰਾ ਜੀ ਖੁੱਸਦਾ ਹੈ, ਤੁਸੀਂ ਗੁੱਸੇ ਨਾ ਨਾ ਹੋਵੋ। ਮਾਂ ਜੀ! ਵੀਰ ਡਾਢਾ ਉੱਚਾ ਵੇ। ਇਹ ਕਹਿੰਦੀ ਬੀਬੀ ਦਾ ਗੱਚ ਨਾ ਠੱਲ੍ਹਿਆ ਗਿਆ, ਬੇਵਸੀ ਹੋਕੇ ਰੁੰਨੀ। ਇੰਨੀ ਰੁੰਨੀ ਕਿ ਹੱਥ ਨਾ ਆਵੇ। ਮਾਂ ਨੇ ਧੀ ਨੂੰ ਗਲ ਲਾਇਆ, ਸਿਰ ਤੇ ਪਿਆਰ ਦਿਤਾ, ਮੱਥਾ ਸੁੰਘਿਆ, ਪਰ ਉਹਦਾ ਗੱਚ ਠਲ੍ਹੀਵੇ ਨਾ, ਛੇਕੜ ਰੋਂਦੀ ਸਿਸਕੀਆਂ ਤੇ ਆ ਗਈ ਤੇ ਮਾਂ ਦੀ ਛਾਤੀ ਨਾਲ ਲਗੀ ਲਗੀ ਹੀ ਸੌਂ ਗਈ। ਇੰਨੇ ਨੂੰ ਮਹਿਤਾ ਕਾਲੂ ਜੀ ਆ ਗਏ। ਮਾਂ ਨੇ ਧੀ ਨੂੰ ਸਿਰ੍ਹਾਣਾ ਰੱਖ ਕੇ ਲਿਟਾ ਦਿਤਾ ਤੇ ਆਪ ਰੋਟੀ ਖੁਲਾਉਣ ਦੇ ਆਹਰ ਲੱਗੀ।

ਰੋਟੀ ਖਾਂਦਿਆਂ ਆਪ ਨੇ ਪੁੱਛਿਆ:-

ਤ੍ਰਿਪਤਾ! ਨਾਨਕ ਉਠਿਆ ਕਿ ਨਹੀਂ?

ਤ੍ਰਿਪਤਾ— ਬਸ ਉੱਠ ਕੇ ਬਾਹਰ ਦੋ ਘੜੀਆਂ ਲਾ ਕੇ ਆ ਗਿਆ ਹੈ, ਫਿਰ ਓਸੇ ਤਰ੍ਹਾਂ ਪਿਆ ਹੈ। ਪਰਸੋਂ ਦੀ ਰੋਟੀ ਖਾਧੀ ਹੋਈ ਸੂ, ਉਹ ਬੀ ਬੀਬੀ ਜਾਕੇ ਮਿੰਨਤ ਤਰਲੇ ਨਾਲ ਦੋ ਬੁਰਕੀਆਂ ਖੁਆ ਆਈ ਸੀ।

ਕਾਲੂ— ਬੀਬੀ ਨੂੰ ਹੀ ਕਹੁ, ਕੁਛ ਸਮਝਾਵੇ, ਮੱਤਿ ਦੇਵੇ ਸੂ, ਉਹਦਾ ਆਖਾਂ ਤਾਂ ਨਹੀਂ ਮੋੜਦਾ।

ਤ੍ਰਿਪਤਾ— ਅੱਜ ਉਹੋ ਗੱਲ ਕੀਤੀ ਸੀ। ਬੀਬੀ ਨੂੰ ਭੀ ਆਖਿਆ ਸੀ ਕਿ

ਵੀਰ ਨੂੰ ਕੋਈ ਮੱਤ ਦੇਹ, ਦਲਿੱਦਰ ਛੱਡੇ, ਉੱਠੇ, ਨ੍ਹਾਵੇ ਧੋਵੇ, ਖਾਵੇ ਪੀਵੇ, ਕੋਈ ਕਿੱਤਾ ਕਰੇ, ਸੁਹਣਾ ਉੱਜਲਾ ਹੋਕੇ ਪਰ੍ਹੇ ਵਿਚ ਛਾਤੀ ਕੱਢ ਕੇ ਬੈਠੇ, ਪਰ ਮੈਂ ਅਜੇ ਸਮਝਾਉਂਦੀ ਹੀ ਸਾਂ ਕਿ ਬੀਬੀ ਨੂੰ ਗੱਚ ਭਰ ਆਇਆ, ਰੋਣ ਲੱਗ ਪਈ, ਠੱਲ੍ਹੀ ਨਾ ਜਾਵੇ ਤੇ ਆਖੀ ਜਾਵੇ- ਵੀਰ ਡਾਢਾ ਉੱਚਾ ਵੇ, ਤੁਸੀਂ ਕੁਝ ਨਾ ਆਖੋਸੁ, ਆਪੇ ਜੋ ਚਾਹੇ ਕਰੇਗਾ, ਉਸ ਦੇ ਚੋਜ ਹਨ। ਨਾਲੇ ਕਹਿੰਦੀ ਸੀ- ਮੈਂ ਉਸ ਦੇ ਉਦਾਲੇ ਕੋਈ ਮਿੱਠੀ 'ਪਿਆਰ-ਚਾਨਣੇ' ਦੀ ਲੋ ਵੇਂਹਦੀ ਹਾਂ, ਉਸ ਦੇ ਉਦਾਲੇ ਅਮਰੀ ਰਾਗ ਹੁੰਦੇ ਹਨ, ਉਸ ਦੇ ਪਾਸ ਚਾਨਣੇ ਦੇ ਜੀਉ ਹਜ਼ਾਰ, ਪਏ ਅਦਬਾਂ ਵਿਚ ਖੜੇ ਦੀਹਦੇ ਹਨ। ਮੈਂ ਤਾਂ ਸੁਣਕੇ ਕੰਬੀ, 'ਜਿਸ ਰਾਹੇ ਪੁੱਤ ਗਿਆ ਉਸੇ ਰਾਹੇ ਧੀ ਚੱਲੀ'। ਅਸੀਂ ਹੀ, ਹੇ ਭਗਵਾਨ! ਜਗਤ ਵਿਚ ਹਾਸੋ-ਹੀਣੇ ਹੋਣ ਲਈ ਰਹਿ ਗਏ ਹਾਂ। ਪਰ ਬੀਬੀ ਨੂੰ ਮੇਰੇ ਕੁਝ ਆਖੇ ਬਿਨਾਂ ਹੀ ਏਡਾ ਵਿਰਾਗ ਛੁੱਟਾ ਜੋ ਛਾਤੀ ਨਾਲ ਲੱਗ ਲੱਗ ਰੋਈ। ਬੱਸ ਨਹੀਂ ਸੂ ਕੀਤੀ, ਰੋਂਦੀ ਰੋਂਦੀ ਹੀ ਸੌਂ ਗਈ। ਹੁਣੇ ਤੁਹਾਡੇ ਆਇਆਂ ਲੰਮੀ ਪਾ ਕੇ ਆਈ ਹਾਂ, ਸੋ ਦੱਸੋ ਕਿਸਨੂੰ ਸਮਝਾਵਾਂ? ਮੈਂ ਕੋਲ ਜਾਨੀ ਆਂ ਤਾਂ ਕਦੇ ਹਾਂ ਹੂੰ ਕਰਦਾ ਹੈ ਕਦੇ ਬੋਲਦਾ ਹੀ ਨਹੀਂ। ਦੌਲਤਾਂ ਜਾਂਦੀ ਹੈ ਤਾਂ ਉਹ ਬੀ ਮਿੰਨਤ ਤਰਲੇ ਕਰਕੇ ਮੁੜ ਆਉਂਦੀ ਹੈ। ਉਹ ਬੀ ਡਰਦੀ ਹੈ, ਕਈ ਗੱਲਾਂ ਕਹਿੰਦੀ ਹੈ, ਉਹੋ ਜਿਹੀਆਂ ਵਹਿਮਾਂ ਭਰੀਆਂ। ਸੋ ਮੈਂ ਤੀਵੀਂ ਮਾਣ੍ਹੀ ਕੀ ਕਰਾਂ? ਤੁਸੀਂ ਹੀ ਕੋਈ ਉਪਰਾਲਾ ਸੋਚੋ।

ਕਾਲੂ (ਮੱਥੇ ਤੇ ਹੱਥ ਰੱਖ ਕੇ)— ਮੈਂ ਕੀ ਕਰਾਂ? ਮਾਂਦ੍ਰੀ ਸੱਦੇ, ਝਾੜੇ ਕਰਾਏ; ਵੈਦ ਬੁਲਾਏ, ਦਾਰੂ ਦਿੱਤੇ; ਪਾਂਧੇ ਮੁੱਲਾਂ ਅਣਵਾਏ, ਕਿਸੇ ਦੀ ਕੋਈ ਨਾ ਚੱਲੀ। ਆਪ ਸਮਝਾਇਆ; ਚਾਚੇ ਲਾਲੂ ਨੇ ਮਹੀਨਿਆਂ ਬੱਧੀ ਸਿਰ ਮਾਰੇ ਪਰ ਕੁਛ ਨਾ ਬਣਿਆ। ਜਿਸ ਨੇ ਸਮਝਾਇਆ, ਅੱਗੋਂ ਉਹਦੀਆਂ ਤਿੱਖੀਆਂ ਤੁਕਬੰਦੀਆਂ ਸੁਣੀਆਂ, ਜਾਂ ਇੱਕੋ ਚੁਪ ਵੇਖੀ। ਕੀਹ ਕਰੀਏ? ਪਰਚਾਵੇ ਲਈ ਜਤਨ ਲਾਏ, ਪੜ੍ਹਨੇ ਪਾਇਆ, ਚੋਣੇ ਚਾਰਨ ਟੋਰਿਆ, ਖੇਤਾਂ ਵਿਚ ਲਾਇਆ, ਪਰ ਸੱਭੇ ਗਲਾਂ ਚਾਰ ਦਿਨ, ਨਾਨਕ ਫੇਰ ਉਵੇਂ ਉਦਾਸੀਆਂ ਵਿਚ ਤੇ ਦਿਲਗਾਰੀਆਂ ਵਿਚ। ਭਗਵਾਨ ਨੇ ਵੱਡੀ ਉਮਰੇ ਪੁੱਤ ਦਿੱਤਾ ਤਾਂ ਸਹੀ, ਪਰ ਹਾਇ ਅਜਿਹਾ ਲਾਲ ਦਿਤਾ ਕਿ ਜਿਸ ਤੋਂ ਕੋਈ ਸਿੱਕ ਮੁਰਾਦ ਬਰ ਨਾ ਆਈ। ਕੀਹ ਕਰਾਂ ਤੇ ਕੀਹ ਨਾ ਕਰਾਂ? ਕੁਝ ਸੁੱਝਦਾ ਨਹੀਂ।

ਤ੍ਰਿਪਤਾ— ਰਾਇ ਜੀ ਨੂੰ ਆਖੋ, ਕੁਛ ਉਹ ਸਮਝਾਵੇ, ਵੱਡਾ ਮਨੁੱਖ ਹੈ ਤੇ

ਤੱਪੇ ਦਾ ਰਾਜਾ ਹੈ, ਲੂਣ ਬੀ ਉਹਦਾ ਖਾਂਦੇ ਹੋਏ, ਮਤੇ ਜੇ ਕਿਸੇ ਦੀ ਸਿੱਖਣ-ਵਿਢ ਨਾਨਕ ਨੂੰ ਲਗ ਜਾਏ।

ਕਾਲੂ— ਮੈਂ ਕੀ ਆਖਾਂ? ਹਿਕੇ ਮੈਂ ਕਮਲਾ ਹਿਕੇ ਜੱਗ ਕਮਲਾ। ਰਾਇ ਬੀ ਆਖਦਾ ਹੈ: ਨਾਨਕ ਆਰਫ਼ ਲੋਗ ਹੈ। ਜਦ ਦੀ, ਮੱਝੀਆਂ ਦਾ ਖਾਧਾ ਖੇਤ ਹਰਾ ਹੋਣ ਵਾਲੀ, ਗਲ ਵਰਤੀ ਹੈ ਤੇ ਸੱਪ ਦੀ ਛਾਇਆ ਉਸ ਦੇ ਸਿਰ ਤੇ ਤੱਕੀ ਸੂ ਉਹ ਸਗੋਂ ਨਾਨਕ ਦਾ ਅਦਬ ਕਰਦਾ ਹੈ, ਮੈਨੂੰ ਮੱਤਾਂ ਦੇਂਦਾ ਹੈ। ਆਖਦਾ ਹੈ; 'ਨਾਨਕ ਧੁਰੋਂ ਆਇਆ ਹੈ। ਕੀਹ ਉਮਰਾ ਤੇ ਕੀਹ ਗੱਲਾਂ! ਕੀਹ ਆਰਬਲਾ ਤੇ ਕੀਹ ਕੌਤਕ! ਹੋਰ ਹੋਰ ਹੈਰਾਨ ਹਾਂ।' ਸੋ ਦੱਸ ਭਾਗਾਂ ਵਾਲੀਏ! ਰਾਇ ਨੂੰ ਕੀ ਆਖਾਂ? ਜਦ ਕਦੇ ਕੁਝ ਆਖਿਆ ਹੈ, ਓਸ ਮੈਨੂੰ ਅਕਲ ਦਿੱਤੀ ਹੈ, ਨਾਨਕ ਨੂੰ ਕੋਈ ਸਿੱਖ ਨਹੀਂ ਦਿਤੀ। ਪਤਾ ਨਹੀਂ ਲਗਦਾ ਜਗ ਕਮਲਾ ਹੈ ਕਿ ਕਾਲੂ!

ਤ੍ਰਿਪਤਾ— ਫੇਰ ਹੁਣ ਕੀਹ ਕਰੀਏ? ਦੁਖਣ ਝੁਰਣ ਦਾ ਕੀ ਲਾਭ ਹੈ? ਜਿਵੇਂ ਹੋ ਰਹੀ ਹੈ, ਸੋ ਹੋ ਰਹੀ ਹੈ, ਪੇਸ਼ ਕੋਈ ਜਾਂਦੀ ਨਹੀਂ, ਤੀਰ ਤੁੱਕਾ ਕੋਈ ਲਗਦਾ ਨਹੀਂ, ਦੇਖੀ ਚਲੋ ਜੋ ਹੁੰਦਾ ਹੈ। ਹੱਥਾਂ ਦੀ ਜਾਈ-ਬੀਬੀ-ਬੀ ਇਹੋ ਆਖਦੀ ਹੈ:- 'ਤੁਸੀਂ ਤੱਕੋਗੇ, ਵੀਰ ਆਪੇ ਜੋ ਕੁਝ ਕਰੇਗਾ ਸੋ ਭਲਾ ਹੋਵੇਗਾ ਤੇ ਡਾਢਾ ਉੱਚਾ ਹੋਵੇਗਾ।' ਵੇਖਾਂਗੇ ਕੀ ਹੁੰਦਾ ਹੈ? ਹਾਲੇ ਤਾਂ ਸਹਿਮ ਦੇ ਮੂੰਹ ਆਏ ਰਹਿੰਦੇ ਹਾਂ।

ਤ੍ਰਿਪਤਾ ਜੀ ਐਉਂ ਆਪਣੇ ਮਨ ਦੇ ਉਬਾਲ ਆਖੀ ਗਏ ਤੇ ਕਾਲੂ ਜੀ ਇਉਂ ਸੁਣਦੇ ਸੁਣਦੇ ਸੌਂ ਗਏ।

ਕੀ ਦੇਖਦੇ ਹਨ:-

ਸਿਆਲੇ ਦੀ ਰੁੱਤ ਹੈ, ਇਕ ਨਦੀ ਵਹਿ ਰਹੀ ਹੈ, ਪਾਣੀ ਉਤਾਰੇ ਵਿਚ ਹੈ, ਪਰ ਤਦ ਬੀ ਚੋਖਾ ਹੈ ਤੇ ਠੰਢਾ ਠਾਰ ਹੈ, ਤੜਕ ਸਾਰ ਹੈ, ਠੰਡੀ ਹਵਾ ਵਗ ਰਹੀ ਹੈ, ਕਾਲੂ ਜੀ ਆਪ ਜਲ ਦੇ ਵਿਚ ਖੜੇ ਹਨ ਤੇ ਤਪੱਸਯਾ ਕਰ ਰਹੇ ਹਨ। ਇਸ ਤਰਾਂ ਤਪ ਕਰਦਿਆਂ ਸੂਰਜ ਦੀ ਟਿੱਕੀ ਨਿਕਲ ਆਈ, ਪਰ ਬੱਦਲਾਂ ਨੇ ਛਾ ਲਈ ਤੇ ਫੇਰ ਘੁਸਮੁਸਾ ਜਿਹਾ ਛਾਇਆ ਰਿਹਾ। ਕਾਲੂ ਜੀ ਹੁਣ ਪਾਣੀ ਵਿਚੋਂ ਬਾਹਰ ਨਿਕਲੇ। ਭਾਵੇਂ ਮੁੱਦਤਾਂ ਤੋਂ ਤਪ ਕਰਦਿਆਂ ਸਰੀਰ ਨੂੰ ਸਰਦੀ ਗਰਮੀ ਸਹਾਰਨ ਦਾ ਸੁਭਾਉ ਹੋ ਚੁੱਕਾ ਸੀ, ਪਰ ਅੱਜ ਬਾਹਰ ਨਿਕਲ ਕੇ ਪਾਲਾ ਹੈ ਅਰ ਚੰਗਾ ਦੰਦੋੜਿਕਾ ਲਾਉਣ ਵਾਲਾ ਪਾਲਾ ਲੱਗਾ ਹੈ।

 www.sikhbookclub.com

ਆਪ ਨੇ ਪਿੰਡਾ ਪੂੰਝਿਆ, ਲੰਗੋਟੀ ਬਦਲੀ, ਗਾਤੀ ਬੱਧੀ ਤੇ ਗੋਦੜੀ ਦੀ ਬੁੱਕਲ ਮਾਰੀ, ਕਰਮੰਡਲ ਸੰਭਾਲਿਆ, ਪਰ ਸਰੀਰ ਵਿਚ ਆਲਸ ਨਜ਼ਰੀਂ ਆਇਆ, ਇਸ ਕਰਕੇ ਇਕ ਬ੍ਰਿੱਛ ਦੇ ਮੁੱਢ ਨਾਲ ਢੋ ਲਾਕੇ ਬੈਠ ਗਏ। ਬੈਠੇ ਸਨ, ਕਿ ਥੱਕੇ ਸਰੀਰ ਦੇ ਨੈਣ ਮੁੰਦ ਲਏ ਤੇ ਇਕ ਬੇ-ਸੁਰਤੀ ਛਾ ਦਿਤੀ, ਕੀ ਦੇਖਦੇ ਹਨ ਕਿ ਕੋਈ ਦਿੱਬ ਮੂਰਤੀ ਸਾਹਮਣੇ ਆ ਖੜੋਤੀ ਹੈ ਤੇ ਆਖਦੀ ਹੈ:- 'ਕਾਲੂ! ਤੂੰ ਬੜਾ ਉੱਗ੍ਰ ਤਪ ਕੀਤਾ ਹੈ, ਹੁਣ ਤਾਂ ਤੇਰਾ ਸਰੀਰ ਬੀ ਹਾਰਨ ਵਾਲੇ ਟਿਕਾਣੇ ਆ ਗਿਆ ਹੈ, ਤੂੰ ਤਪ ਛੋੜ ਤੇ ਭਗਤੀ ਕਰ।'

ਕਾਲੂ— ਮੈਨੂੰ ਜੋ ਆਖੇ ਸੋ ਕਰਸਾਂ, ਪਰ ਮੇਰੇ ਮਨ ਦੀ ਮੁਰਾਦ ਹਾਸਲ ਥੀਵੇ!

ਦਿੱਬ ਮੂਰਤੀ— ਬੋਲ ਫੇਰ ਆਪਣੇ ਮਨ ਦੀ ਮੁਰਾਦ!

ਕਾਲੂ— ਉਹ ਜੋ ਰੱਬ ਹੈ, ਜਿਸ ਨੂੰ ਜੋਤ ਸਰੂਪ ਆਖਦੇ ਹਨ, ਮੈਨੂੰ ਮੇਰੇ ਵਰਗਾ ਰੂਪ ਧਾਰ ਕੇ ਮਿਲੇ ਤੇ ਐਉਂ ਮਿਲੇ ਜਿਵੇਂ ਆਪਣਾ ਹੁੰਦਾ ਹੈ।

ਦਿੱਬ ਮੂਰਤੀ— ਕਾਲੂ ਦੇਖ! ਤੂੰ ਤਪ ਬੜਾ ਕੀਤਾ ਹੈ ਪਰ ਭਗਤੀ ਨਹੀਂ ਕੀਤੀ। ਭਗਤੀ ਨਾ ਕਰਨੇ ਕਰਕੇ ਤੇਰੇ ਅਗਯਾਨ ਦੇ ਛੌੜ ਨਹੀਂ ਕੱਟੇ, ਹਉਂ ਨਹੀਂ ਪੂਰੀ ਉਤਰੀ, ਲਿਵ ਨਹੀਂ ਲਗੀ, ਤੈਨੂੰ ਜੋ ਤੂੰ ਮੰਗਦਾ ਹੈਂ, ਮਿਲ ਗਿਆਂ ਤੇ ਬੀ ਰਸ ਨਹੀਂ ਆਉਣਾ, ਕਿਉਂਕਿ ਮਾਇਆ ਛਾਈ ਰਹੀ ਤਾਂ ਰਸ ਕੀਕੂੰ ਆਸੀ? ਤੂੰ ਪਹਿਲੇ ਭਗਤੀ ਕਰ।

ਕਾਲੂ— ਜੇ ਸਾਰੇ ਛੌੜ ਕੱਟੇ ਗਏ ਤਾਂ ਜੋ ਸੁਆਦ ਮੈਂ ਲੈਣਾ ਹੈ, ਓਹ ਕੀਕੂੰ ਆਵੇਗਾ? ਗਯਾਨ ਕਿ ਭਗਤੀ ਨਾਲ ਤਾਂ ਮੈਂ ਉਚਿਆਂ ਹੋ ਸਾਈਂ ਦੇ ਦੇਸ਼ ਅੱਪੜ ਜਾਣਾ ਹੋਇਆ; ਪਰ ਮੇਰਾ ਜੀ ਕਰਦਾ ਹੈ ਕਿ ਸਾਈਂ ਮੇਰੇ ਦੇਸ਼, ਮੇਰੇ ਵਿਹੜੇ, ਮੇਰੀ ਗੋਦ ਖੇਲੇ।

ਦਿੱਬ ਮੂਰਤੀ— ਕਾਲੂ! ਤੂੰ ਜਾਣ ਤੂੰ ਕੀ ਮੰਗਦਾ ਹੈਂ, ਤਪ ਕਰਨੇ ਤੇ ਮੰਗਾਂ ਮੰਗਣੀਆਂ ਸੌਖੀਆਂ ਹਨ, ਪਰ ਜੋ ਮੰਗ ਮੰਗਣੀ ਹੈ ਉਸ ਦਾ ਅੰਤ ਵਿਚਾਰਨਾ ਤੇ ਆਤਮ ਸੁਖ ਵਿਚ ਅੱਪੜਨਾ ਇਹ ਕੰਮ ਔਖੇਰਾ ਹੈ, ਅੱਛਾ ਕਾਲੂ! ਇਕ ਵਾਰ ਫੇਰ ਵਿਚਾਰ ਲੈ।

ਕਾਲੂ— ਤੁੱਠੇ ਹੋ ਤਾਂ ਮਨ ਦੇ ਮਨੋਰਥ ਦੇ ਦਿਓ, ਮੈਥੋਂ ਉੱਚਾ ਨਹੀਂ ਉਠਿਆ ਜਾਂਦਾ, ਮੈਂ ਏਥੇ ਹੀ ਰਹਾਂ, ਓਹ ਏਥੇ ਆਵੇ, ਉਸ ਤੋਂ ਕਲਯਾਨ ਲੈਸਾਂ। ਉਹ ਆਵਸੀ ਤਾਂ ਸਾਰਾ ਜਗਤ ਤੱਕਸੀ, ਅਨੇਕਾਂ ਦੀ ਕਲਯਾਨ

ਹੋਸੀ, ਮੈਂ ਉੱਚਾ ਉੱਠਸਾਂ ਤਾਂ ਮੇਰੇ ਇਕੱਲੇ ਦੀ ਕਲਯਾਨ ਹੋਸੀ।

ਦਿੱਬ ਮੂਰਤੀ— ਦੇਖ! ਇਹ ਠੀਕ ਆਖਿਆ ਹਈ, ਪਰ ਤੂੰ ਭਗਤੀ ਕਰ, ਹਨੇਰਾ ਦੂਰ ਹੋਵੇ, ਫੇਰ ਮਿਲ ਜੋ ਠੰਢ ਪਵੇ। ਤਪਾਂ ਨਾਲ ਕੁਛ ਤਮੋ ਹੀ ਵਧਦੀ ਹੈ, ਏਕਾਗ੍ਰਤਾ ਆ ਜਾਂਦੀ ਹੈ, ਪਰ ਸਤੋਗੁਣ ਦਾ ਸੁਖ ਨਹੀਂ ਮਿਲਦਾ।

ਕਾਲੂ— ਹੁਣ ਮੈਂ ਥੱਕ ਗਿਆ ਹਾਂ, ਨਾ ਹੁਣ ਤਪ ਹੋ ਸਕਣਾ ਹੈ ਅੱਗੇ ਵਾਂਙੂ ਤੇ ਨਾ ਹੋ ਸਕਣੀ ਹੈ ਭਗਤੀ। ਸੋ ਜੇ ਤ੍ਰੁੱਠੇ ਹੋ ਤਾਂ ਵਰ ਦਿਓ।

ਦਿੱਬ ਮੂਰਤੀ— ਤਥਾਸਤੂ- ਹੋਵੇ ਜੋ ਕੁਛ ਤੇਰੀ ਇੱਛਯਾ ਹੈ।

ਇਹ ਕਹਿ ਕੇ ਉਹ ਦਿੱਬ ਮੂਰਤ ਗੁੰਮ ਹੋ ਗਈ, ਬਾਬਾ ਤਪੱਸ੍ਵੀ ਜੀ ਦੇ ਬੀ ਨੈਣ ਖੁੱਲ੍ਹੇ, ਇਸ ਵੇਲੇ ਦੁਪਹਿਰਾਂ ਹੋ ਚੁਕੀਆਂ ਸਨ ਤੇ ਬੱਦਲਾਂ ਤੋਂ ਕਿਣਮਿਣ ਜਾਰੀ ਸੀ, ਪਰ ਐਨੀ ਨਹੀਂ ਸੀ ਕਿ ਗੋਦੜੀ ਭਿੱਜ ਜਾਂਦੀ। ਆਪ ਸਨੇ ਸਨੇ ਆਪਣੀ ਕੁਟੀਆ ਵਲ ਆ ਗਏ ਤੇ ਲੱਗੇ ਸੋਚਣ ਕਿ ਮੈਂ ਭਲੀ ਮੰਗ ਮੰਗੀ ਹੈ, ਅਰ ਵਰ ਮਿਲ ਬੀ ਗਿਆ ਹੈ, ਹੁਣ ਕਾਜ ਸੰਵਰ ਗਿਆ। ਇੰਨੇ ਨੂੰ ਆਪ ਦੇ ਸਿਖਯਾ ਦਾਤਾ ਸਾਧੂ ਜੀ ਆ ਗਏ। ਵਰ ਪ੍ਰਾਪਤੀ ਦੀ ਵਿਥਯਾ ਸੁਣ ਕੇ ਬੋਲੇ— ਕਾਲੂ! ਜੇ ਤੇਰੀ ਥਾਵੇਂ ਮੈਂ ਏਡਾ ਸੁਭਾਗ ਹੁੰਦਾ ਤਾਂ ਮੈਂ ਆਪਣੇ ਮਨ ਦੇ ਮਗਰ ਨਾ ਲਗਦਾ, ਮੈਂ ਉਹਨਾਂ ਦੀ ਸਿਖਯਾ ਦੇ ਮਗਰ ਲੱਗਦਾ। ਮਹਾਂ ਜਯੋਤੀਆਂ ਤੇ ਮਹਾਂ ਪੁਰਖਾਂ ਦੇ ਬਚਨ ਮੰਨਣੇ ਕਲਯਾਨ ਰੂਪ ਹਨ, ਔਖੇਰੇ ਹਨ, ਪਰ ਸੁਖ ਉਹਨਾਂ ਦੇ ਮੰਨਣ ਵਿਚ ਹੈ, ਆਪਣੀ ਮੰਗ ਉਸ ਵੇਲੇ ਨਹੀਂ ਚਾਹੀਦੀ, ਅਸੀਂ ਭੁੱਲਣਹਾਰ ਹਾਂ। ਸੁਖ ਆਗਯਾ ਮੰਨਣ ਵਿਚ ਹੁੰਦਾ ਹੈ।

ਤਪੱਸ੍ਵੀ— ਜੀ ਮੈਂ ਤਾਂ ਮੰਗ ਚੁਕਾ ਜੋ ਮੰਗਣਾ ਸੀ ਤੇ ਅਜੇਂ ਤਾਈਂ ਮੰਗ ਕੇ ਤੇ ਵਰ ਲੈ ਕੇ ਖੁਸ਼ ਹਾਂ। ਵੇਲਾ ਹੁਣ ਲੰਘ ਚੁੱਕਾ ਹੈ ਤੇ ਹੁਣ ਮੁੜ ਤਪ ਕਿਵੇਂ ਕਰਾਂ? ਸਰੀਰ ਹੁੱਟ ਗਿਆ ਹੈ।

ਸਿਖਯਾ ਦਾਤਾ— ਚੰਗਾ ਬਈ, ਜੋ ਹੋਣਾ ਸੀ ਹੋ ਚੁਕਾ, ਪਰ ਅਜੇ ਬੀ ਇਕ ਵੇਲਾ ਹੈ ਕਿ ਤੂੰ ਕੁਛ ਵਿਚਾਰ ਤੇ ਭਗਤੀ ਕਰ ਲੈ, ਕਿਉਂਕਿ ਵਰ ਪ੍ਰਾਪਤ ਤਾਂ ਤੂੰ ਹੋ ਚੁਕਾ ਹੈਂ, ਪਰ ਇਹ ਜੋ ਮਾਇਆ ਪਈ ਰਹਿਣ ਦਾ ਪਤਾ ਦੇ ਗਏ ਹਨ ਇਸ ਦਾ ਮਤਲਬ ਹੈ ਕਿ ਜਦ ਤੈਨੂੰ ਮਿਲਾਪ ਹੋਵੇਗਾ ਤੂੰ ਹਨੇਰੇ ਵਿਚ ਹੋਵੇਂਗਾ, ਪਛਾਣੇਂਗਾ ਨਹੀਂ। ਬਾਲਕੇ! ਮਾਇਆ ਪ੍ਰਬਲ ਹੈ, ਡਾਢਾ ਪਰਦਾ ਹੈ ਜੋ ਮੇਲ ਨਹੀਂ ਹੋਣ ਦੇਂਦਾ, ਅਤੇ ਇਹ ਬੜੇ ਸੂਖਮ ਰੂਪ ਧਾਰਦੀ ਹੈ, ਸੋ ਭਗਤੀ ਕਰ ਜੇ ਇਸ ਦੇ ਮੋਹਣੇ ਜਾਦੂ ਤੋਂ ਬਚੇਂ। ਬਹੁੰ ਨਹੀਂ ਤਾਂ ਕੁਛ ਕਰ ਜੋ ਜਦ ਮੇਲਾ

ਹੋਵੀ, ਪਹਿਲੋਂ ਨਾਂ ਤਾਂ ਪਿਛੋਂ ਹੀ ਸਹੀ, ਕਦੇ ਤਾਂ ਪਰਦਾ ਲਹੇ ਤੇ ਤੈਨੂੰ ਸੋਝੀ ਪੈ ਜਾਵੇ। ਕੀ ਲਾਭ ਹੈ ਰੱਬ ਦੇ ਮਿਲੇ ਦਾ ਬੀ ਜੇ ਸਾਨੂੰ ਇਹ ਪ੍ਰਤੀਤੀ ਨਾ ਹੋ ਆਵੇ ਕਿ ਇਹ ਰੱਬ ਹੈ। ਹਾਂ, ਜੇ ਪਿਆਰ ਨੇ ਹੁਲਾਰਾ ਨਾ ਖਾਧਾ ਕਿ ਇਹ ਮੇਰਾ ਹੈ ਤੇ ਮਨ ਨੇ 'ਮੇਰ ਤੇਰ' ਮਿਟਾ ਕੇ ਉਸੇ ਨਾਲ ਮੇਰ ਨਾ ਪਾਈ, ਉਸੇ ਸਰੂਪ ਵਿਚ ਵਾਸਾ ਨਾ ਹੋਇਆ ਤਾਂ ਕੀ ਲਾਭ ਪ੍ਰਾਪਤੀ ਦਾ।

ਤਪੱਸ੍ਰੀ (ਤ੍ਰਬ੍ਰੱਕ ਕੇ)— ਹੈਂ! ਕੀ ਮੈਨੂੰ ਇਹ ਸਮਝ ਨਾ ਪਊ ਕਿ ਇਹ ਮੇਰਾ ਸਾਈਂ ਹੈ?

ਸਿਖਯਾ ਦਾਤਾ— ਜੋ ਕੁਛ ਤੈਨੂੰ ਦਿੱਬ ਮੂਰਤੀ ਨੇ ਕਿਹਾ ਹੈ ਉਸ ਦਾ ਇਹੋ ਅਰਥ ਹੈ ਕਿ ਮੇਲਾ ਹੋਸੀ, ਪਰ ਤੈਨੂੰ ਹਨੇਰਾ ਪਿਆ ਰਹਿਸੀ। ਇਹ ਹਨੇਰਾ ਉਹਨਾਂ ਨੇ ਦੱਸਿਆ ਹੈ ਕਿ ਤੇਰਾ ਆਪਣਾ ਹੈ, ਤੇਰੀ ਹਉਂ ਨਹੀਂ ਕੱਟੀ ਗਈ ਅਜੇ। ਸੋ ਬੱਚਾ! ਤੂੰ ਕਰ ਨਾ ਕਰ, ਤੇਰੀ ਤੁਫੈਲ ਮੈਨੂੰ ਅੱਜ ਸੋਝੀ ਹੋ ਆਈ ਹੈ ਕਿ ਤਪਾਂ ਤੋਂ ਭਗਤੀ ਸ੍ਰੇਸ਼ਟ ਹੈ; ਸੋ ਮੈਂ ਤਾਂ ਭਗਤੀ ਕਰਾਂਗਾ ਤੇ ਇਹ ਇਕ ਮੰਗ ਮੰਗਾਂਗਾ ਕਿ ਹੇ ਭਗਵਾਨ! ਮਿਲ, ਜਿਵੇਂ ਚਾਹੇਂ ਮਿਲ, ਜਦ ਤ੍ਰੁੱਠੇ ਮਿਲ, ਪਰ ਇਹ ਦਾਨ ਦੇਹ ਕਿ ਮੈਂ ਸਦਾ ਤੇਰੇ ਪਿਆਰ ਵਿਚ ਰਵਾਂ, ਸਦਾ ਤੈਨੂੰ ਲੋਚਦਾ ਰਹਾਂ।

ਤਪੱਸ੍ਰੀ (ਨਿਰਾਸ ਹੋਕੇ)— ਓਹ ਹੋ! ਮੈਂ ਗੁਸਾਈਂ ਜੀ! ਨਹੀਂ ਸਮਝਿਆ ਕਿ ਮੇਰੇ ਹਨੇਰੇ ਤੇ ਮਾਇਆ ਦੇ ਪੜਦੇ ਦਾ ਕੀ ਅਰਥ ਹੈ? ਮੈਂ ਜਾਤਾ ਕਿ ਬ੍ਰਹਮ ਗਯਾਨੀ ਤੇ ਆਤਮਾ ਦੇ ਅਨੁਭਵ ਵਾਲਾ ਨਾ ਹੋਸਾਂ, ਪਰ ਇਹ ਤਾਂ ਸਮਝਦਾ ਹੋਸਾਂ ਕਿ ਆਪਣੇ ਰੱਬ ਨੂੰ ਮਨੁੱਖ ਜਾਮੇ ਵਿਚ ਰੱਬ ਵੇਖਸਾਂ ਤੇ ਐਉਂ ਪੂਜਸਾਂ ਜਿਵੇਂ ਮੂਰਤੀ ਪੂਜ ਮੂਰਤੀ ਨੂੰ ਪੂਜਦੇ ਹਨ। ਓਹ ਪੱਥਰ ਪੂਜਦੇ ਹਨ, ਮੈਂ ਜੀਉਂਦੇ ਨੂੰ ਪੂਜਸਾਂ।

ਸਿਖਯਾਦਾਤਾ— ਠੀਕ ਹੈ, ਪਰ ਪੁਤਰ! ਤੂੰ ਉਹਨਾਂ ਦੇ ਵਾਕ ਨੂੰ ਸਮਝਣਾ ਸੀ, ਨਹੀਂ ਤਾਂ ਉਹਨਾਂ ਦੇ ਆਖੇ ਲਗਣਾ ਸੀ, ਪਰ ਖ਼ੈਰ! ਉਹ ਸਮਾਂ ਲੰਘ ਗਿਆ, ਹੁਣ ਹੀ ਹੋਸ਼ ਕਰ! ਬਾਕੀ ਉਮਰ ਇਸ ਬੇਨਤੀ ਵਿਚ ਗੁਜ਼ਾਰ ਕਿ ਹੇ ਦਾਤਾ! ਜਦ ਤੂੰ ਮਿਲੇਂ, ਆਪ ਮਿਲੇਂ ਕਿ ਆਪਣੇ ਭਗਤ ਦੇ ਰੂਪ ਵਿਚ ਮਿਲੇਂ, ਆਦ, ਮੱਧ, ਕਿ ਅੰਤ, ਮੇਰਾ ਇਹ ਛੌੜ ਕਿਸੇ ਵੇਲੇ ਜ਼ਰੂਰ ਕਟੀਵੇ ਕਿ ਮੈਂ ਤੈਨੂੰ ਪਛਾਣ ਲਵਾਂ।

ਤਪੱਸ੍ਰੀ— ਸਤਿ ਬਚਨ! ਪਰ ਸਾਈਂ ਜੀਓ, ਇਹ ਮੈਨੂੰ ਵਰ ਪ੍ਰਾਪਤ ਕਦੋਂ ਹੋਸੀ?

ਸਿਖਯਾ ਦਾਤਾ— ਤੂੰ ਤਦੋਂ ਪੁੱਛਿਆ ਨਹੀਂ? ਮੇਰੀ ਜਾਚੇ ਇਹ ਚੋਲਾ ਛੋਡਕੇ ਹੋਸੀ। ਇਹ ਚੋਲਾ ਤੇਰਾ ਅਤੀਤ ਦਾ ਹੈ ਤੇ ਜੋ ਮੰਗ ਤੂੰ ਮੰਗੀ ਹੈ ਸੋ ਗ੍ਰਿਹਸਤ ਦੇ ਜਾਮੇ ਪੂਰੀ ਹੋ ਸਕਦੀ ਹੈ।

ਇਹ ਕਹਿਕੇ ਸਿਖਯਾ ਦਾਤਾ ਜੀ 'ਹੇ ਮਾਲਕ' 'ਹੇ ਮਾਲਕ' ਕਰਦੇ ਤੁਰ ਗਏ ਤੇ ਤਪੱਸ੍ਰੀ ਜੀ ਥੱਕੇ ਹੋਣ ਕਰਕੇ ਲੇਟ ਗਏ। ਲੇਟਿਆਂ ਤੇ ਜਾਤਾ ਕਿ ਚੋਲਾ ਛੁਟਣ ਲੱਗਾ ਹੈ, ਸੋ ਸਿਖਯਾ ਦਾਤੇ ਦੀ ਦੱਸੀ ਬੇਨਤੀ ਵਿਚ ਲੀਨ ਹੋ ਗਏ, ਪਰ ਬੇਨਤੀ ਜਾਰੀ ਰਹੀ ਤੇ ਆਪਣੇ ਜਾਣੇ ਤਪੱਸ੍ਰੀ ਜੀ ਮਰ ਗਏ। ਮਰਨ ਤੋਂ ਮਗਰੋਂ ਨਵੇਂ ਦੇਸ਼ ਵਿਚ ਆ ਜਾਗ ਖੁੱਲ੍ਹੀ, ਪਹਿਲੇ ਤਾਂ ਪ੍ਰਕਾਸ਼ ਜਿਹਾ ਦਿਸਿਆ, ਫੇਰ ਹਨੇਰਾ ਆ ਗਿਆ, ਫੇਰ ਸੱਚੀਂ ਮੁੱਚੀਂ ਅੱਖ ਖੁਲ੍ਹ ਗਈ ਤੇ ਕਾਲੂ ਜੀ ਕੀਹ ਦੇਖਦੇ ਹਨ ਕਿ ਮੈਂ ਤਾਂ ਆਪਣੇ ਹੀ ਚੌਂਕੇ ਵਿਚ ਆਪਣੇ ਹੀ ਮੂੜ੍ਹੇ ਉੱਤੇ ਬੈਠਾ ਬੈਠਾ ਸੌਂ ਗਿਆ ਸਾਂ। ਉਹੋ ਘਰ ਹੈ ਉਹੋ ਦਰ, ਉਹੋ ਚੁੱਲ੍ਹਾ ਉਹੋ ਚੌਂਕਾ, ਉਹੋ ਮਹਿਤਾ ਕਾਲੂ, ਰਾਇ ਬੁਲਾਰ ਦਾ ਪਟਵਾਰੀ ਤੇ ਕਾਰਦਾਰ; ਨਾ ਨਦੀ ਹੈ ਨਾ ਕੁਟੀਆ, ਨਾ ਤਪੀ ਕਾਲੂ, ਨਾ ਗੁਸਾਈਂ ਜੀ, ਨਾ ਦਿੱਬ ਮੂਰਤੀ, ਪਰ ਡਿੱਠਾ ਸੁਪਨਾ ਅੱਖਾਂ ਅੱਗੇ ਫਿਰਦਾ ਹੈ। ਹੈਂ! ਕੀ ਮੈਂ ਕਦੇ ਤਪ ਕੀਤਾ ਹੈ? ਕਿੱਧਰ ਗਿਆ ਮੇਰਾ ਤਪ? ਫਿਰ ਮੈਂ ਇੱਡਾ ਗ੍ਰਿਹਸਤੀ ਬਣ ਗਿਆ? ਹੈਂ! ਤੇ ਕੀ ਇਹ ਨਿੱਕਾ-ਨਾਨਕ-ਆਪ ਆਇਆ ਹੈ ਤੇ ਮੇਰਾ ਵਰ ਫਲਿਆ ਹੈ? ਕੀ ਇਹ ਸੱਚ ਮੁੱਚ ਉਹੋ ਹੈ ਤੇ ਮੈਂ ਹਨੇਰੇ ਵਿਚ ਹਾਂ, ਮੋਹ ਮਾਇਆ ਵਿਚ ਹਾਂ? ਉੱਠਾਂ ਵੇਖਾਂ। ਬਾਉਲਿਆਂ ਹਾਰ ਕਾਲੂ ਉੱਠਿਆ, ਜਿਸ ਕੋਠੇ ਉਹ ਬੱਚਾ-ਨਾਨਕ-ਸਿਰ ਮੂਧ ਪਿਆ ਸੀ, ਕਾਲੂ ਧਾ ਕੇ ਵੜਿਆ, ਕਮਰਾ ਬਿਨ ਦੀਵੇ ਬਿਨ ਧੂੰਧ ਚਾਨਣਾ ਚਰਾਗ ਹੈ, ਨਾਨਕ ਨੂਰ ਪੁਤਲਾ ਬਿਰਾਜ ਰਿਹਾ ਹੈ। ਅਰਸ਼ ਕੁਰਸ਼ ਦੇ ਨੂਰੀ ਦੇਵਤੇ ਸੇਵਾ ਕਰ ਰਹੇ ਹਨ। ਠੰਢ ਹੈ, ਸੁਆਉ ਹੈ, ਸੁਹਾਉ ਹੈ, ਰਸ ਹੈ, ਮਾਨੋ ਕੀਰਤਨ ਹੈ। ਕਾਲੂ ਨੂੰ ਇਕ ਵੇਰ ਤਾਂ ਮਾਨੋਂ ਮੂਰਛਾ ਆ ਗਈ, ਉਸ ਸੁਆਦ ਦਾ ਝੂਟਾ ਆ ਗਿਆ, ਜਿਸ ਦੀ ਪੀਂਘ ਉਸ ਦੇ ਪੁੱਤ੍ਰ ਨੇ ਓਥੇ ਘੁਮਾ ਰੱਖੀ ਸੀ। ਬੇ-ਬਸਾ ਹੋ ਕੇ ਦੰਡੌਤ ਵਿਚ ਪੈ ਗਿਆ ਅਰ ਬੋਲਿਆ:-

**'ਮੈਨੂੰ ਰੱਖ ਲੈ, ਮੈਂ ਭੁੱਲ ਵਿਚ ਹਾਂ।**
**ਛੌੜ ਕੱਟ, ਮੇਰੇ ਛੌੜ ਕੱਟ।'**

ਪਰ ਜਦ ਕਾਲੂ ਡੰਡੌਤ ਤੋਂ ਉਠਿਆ ਉਸ ਕਮਰੇ ਵਿਚ ਹਨੇਰਾ ਸੀ। ਨਾਨਕ, ਬਾਲਕ ਤੇ ਉਸ ਦਾ ਜਾਇਆ ਪੁੱਤ੍ਰ ਨਾਨਕ ਉਸ ਕਮਰੇ ਵਿਚ ਹੈ ਨਹੀਂ ਸੀ। ਕਾਲੂ ਨੇ ਕਿਹਾ, ਕੇਡਾ ਚੱਕ੍ਰ ਆਇਆ, ਏਥੇ ਤਾਂ ਕਾਕਾ ਹੈ ਹੀ ਨਹੀਂ ਤੇ ਮੈਂ ਕਿਵੇਂ ਫਰਿਸ਼ਤੇ, ਪਾਰਖਦ, ਰਾਗ ਰੰਗ ਤੇ ਪੁੱਤ੍ਰ ਤਖ਼ਤ ਤੇ ਵਿਰਾਜਿਆ ਵੇਖ ਲਿਆ? ਸਭ ਮਾਇਆ ਹੈ, ਸੁਣੀਆਂ ਗੱਲਾਂ ਦਾ ਭੁਲੇਵਾ ਹੈ। ਮੈਂ ਗਰੀਬ ਕਾਲੂ ਦੇ ਸੁਪਨੇ ਵੇਖੇ। ਸੁਪਨਾ ਬੀ ਅਚਰਜ ਮਾਇਆ ਹੈ।.....(ਸਿਰ ਫੇਰਕੇ) ਐਉਂ ਪੈਂਦੀ ਹੈ ਮਾਇਆ।

ਐਉਂ ਸੋਚਦਾ ਕਾਲੂ ਬਾਹਰ ਆਇਆ। ਪੁੱਛਿਓ ਸੁ 'ਨਾਨਕ ਕਿਥੇ ਹੈ' ਤਾਂ ਕਿਸੇ ਦਸਿਆ, 'ਬਾਹਰ ਖੇਤਾਂ ਵਿਚ ਫਿਰਦਾ ਪਿਆ ਸੀ'। ਭੁਲੇਵਾ ਪੱਕਾ ਹੋ ਗਿਆ। ਜਾਗ ਖੁੱਲ੍ਹੀ, ਫੇਰ ਨੀਂਦ ਆ ਗਈ! ਤਪਾਂ ਦਾ ਫਲ ਮਿਲ ਗਿਆ, ਪਰ ਹਉਂ ਨਾ ਕੱਟੀ ਦਾ ਥਰ ਹਿੱਲ ਕੇ ਫੇਰ ਜੰਮ ਗਿਆ।

❑ ❑ ❑ ❑ ❑

## 2. ਖੇੜੇ

**ਰੁਤ** ਸਿਆਲ ਦੀ ਟੁਰ ਗਈ, ਬਸੰਤ ਆਈ, ਦੇਖੋ ਉਹ ਤ੍ਰੈ ਮਹੀਨੇ ਕੋਠੇ ਵਿਚ ਮੂਧੜੇ ਮੂੰਹ ਪਿਆ ਨਾਨਕ ਹੁਣ 'ਰੰਗ ਹਸਹਿ' ਦੇ ਘਰ ਵਿਚ ਆ ਗਿਆ।

**ਅਸ ਬਿਧਿ ਸੋਂ ਜੁਗ ਮਾਸ**[1] **ਬਿਤਾਏ।**
**ਫਿਰਨ ਲਗੇ ਪੁਨ ਸਹਿਜ ਸੁਭਾਏ।**
**ਰੁਚਿ ਸੋਂ ਖਾਨ ਪਾਨ ਕੋ ਕਰਿਹੀਂ।**
**ਮਾਤ ਬਿਲੋਕਿ ਹਰਖ ਉਰ ਧਰਿਹੀ।** (ਨਾ:ਪ੍ਰ)

ਦੋਨੋਂ ਵੇਲੇ ਰੁਚੀ ਨਾਲ ਚੌਂਕੇ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਹਨ, ਨਵੇਂ ਕੱਪੜੇ, ਜੋ ਮਾਂ ਨੇ ਚਾਉ ਨਾਲ ਸੁਆਏ ਹਨ, ਪਹਿਨਦੇ ਹਨ। ਗੱਲਾਂ ਕਰਦੇ ਹਨ, ਹੱਸਦੇ ਹਨ, ਬਾਹਰ ਅੰਦਰ ਫਿਰਦੇ ਹਨ, ਸਾਕ ਸੈਨ ਮਿਲਦੇ ਹਨ ਤਾਂ ਚੰਗੀ ਤਰ੍ਹਾਂ ਕੂੰਦੇ ਹਨ। ਹਾਂ ਜੀ, ਹੱਸਦੇ ਹਨ, ਖਿੜ ਖਿੜ ਹੱਸਦੇ ਹਨ, ਖੁਸ਼ ਹੁੰਦੇ ਹਨ; ਬਾਹਰ ਫਿਰਦੇ ਹਨ। ਮਾਂ ਭੈਣ ਨਾਲ, ਲੋੜ ਪਵੇ ਤਾਂ, ਪਿਤਾ ਚਾਚੇ ਨਾਲ ਗੱਲਾਂ ਕਰਦੇ ਹਨ। ਚਿਹਰੇ ਦਾ ਰੰਗ ਅਚਰਜ ਲਾਲੀ ਭਾ ਵਿਚ ਹੈ। ਮੁਖ ਤੇ ਚਮਕਾਰ ਹੈ। ਨੈਣਾਂ ਵਿਚ ਇਕ ਇਲਾਹੀ ਖਿੱਚ ਤੇ ਇਕ ਮਿੱਠਾ ਮਿੱਠਾ ਲਿਸ਼ਕਾਰ ਹੈ। ਹੱਸਦੇ ਹਨ ਤੇ ਐਉਂ ਖੁਸ਼ੀ ਤੇ ਧੂਹ ਦਾ ਅਸਰ ਪੈਂਦਾ ਹੈ ਕਿ ਚਿੱਤ ਮੋਹਤ ਹੋ ਜਾਂਦਾ ਹੈ।

**ਸੁੰਦਰ ਸ਼ੋਭਤ ਬੈਸ ਕਿਸ਼ੋਰਾ।**
**ਗਿਰਾ ਮ੍ਰਿਦੁਲ ਮਧੁਰੀ ਚਿਤ ਚੋਰਾ।**[2]
**ਲਲਿਤ ਬਿਲੋਚਨ ਦਲ ਉਤਪਲ ਸੇ।**[3]
**ਤਾਰੇ ਸਯਾਮ ਰੀਡਕੀ ਸਿਲ ਸੇ।**[4] (ਨਾ:ਪ੍ਰ)

---

1. ਪੁ:ਜ: ਸਾਖੀ ਵਿਚ ਤ੍ਰੈ ਮਹੀਨੇ ਲਿਖੇ ਹਨ।
2. ਚਿਤ ਨੂੰ ਚੁਰਾ ਲੈਣ ਵਾਲੀ -ਮਨਮੋਹਨ।
3. ਸੁਹਣੇ ਨੈਤ੍ਰ ਹਨ ਕਮਲ ਦੇ ਪੱਤ੍ਰਾਂ ਵਰਗੇ ਚੌੜੇ।
4. (ਅੱਖਾਂ) ਤਾਰੇ ਰੀਡਕੇ (ਨਾਮੇ ਨਦੀ ਦੀਆਂ) ਕਾਲੀਆਂ ਗੀਟੀਆਂ ਵਰਗੇ ਹਨ)

ਭੈਣ ਨਾਨਕੀ ਨੇ ਤਾਂ ਅਤਿ ਸੁਖੀ ਹੋਣਾ ਹੀ ਸੀ, ਮਾਤਾ ਪਿਤਾ ਬੀ ਇਹ ਰੰਗ ਵੇਖ ਕੇ ਖਿੜ ਰਹੇ ਹਨ। ਰਾਇ ਬੁਲਾਰ ਨੂੰ ਬੀ ਸੋਝੀ ਪਈ ਕਿ ਨਾਨਕ ਹੁਣ ਖੇੜਿਆਂ ਦੇ ਘਰ ਵਿਚ ਹੈ, ਉਸ ਨੂੰ ਵੀ ਬੜੀ ਖੁਸ਼ੀ ਹੋਈ।

ਸਾਰੇ ਸਮਝਣ ਕਿ ਬਾਲਕਾ ਨਾਨਕ ਹੁਣ ਹੋਰ ਹੋ ਗਿਆ ਹੈ। ਕੋਈ ਅਹੁਰ ਸੀ ਜੋ ਕੱਟੀ ਗਈ ਹੈ, ਕੋਈ ਆਜ਼ਾਰ ਸੀ ਜੋ ਦੂਰ ਹੋ ਗਿਆ ਹੈ, ਪਰ ਉਹ ਨਾਨਕ ਅਪਣੇ ਹੀ ਬਚਨਾਂ ਅਨੁਸਾਰ:-

**"ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥"**
(ਆਸਾ ਦੀ ਵਾਰ ਮ:੧-੨੦)

ਦੇ ਰੰਗ ਵਾਲੇ ਹਨ। ਹੁਣ ਜਿਸ ਖੇੜਿਆਂ, ਖੁਸ਼ੀਆਂ, ਅਨੰਦ ਬਿਨੋਦਾਂ ਦੇ ਘਰ ਵਿਚ ਹਨ; ਇਹ ਬੀ ਉਹੋ ਰੱਬੀ ਰੰਗ ਹੈ; ਜੋ ਤ੍ਰੈ ਮਹੀਨੇ ਮੂਧੜੇ ਮੂੰਹ ਪੈ ਕੇ ਮਾਣਿਆ ਸੀ। ਉਥੇ ਸਦਾ ਇਕੋ ਗੱਲ, ਇਕੋ ਲਗਨ ਹੈ, ਪਰ ਮਾਇਆ ਵਿਚ ਫਸ ਰਹੇ ਮਨ-ਕਦੇ ਨਾ ਛਾਯਾ ਤੋਂ ਨਿਕਲੇ, ਮਾਯਾ ਵੇੜ੍ਹੇ ਦਿਲ-ਨਹੀਂ ਸਮਝ ਸਕਦੇ ਕਿ ਇਹ ਕੀ ਭੇਤ ਹੈ!

ਇਹਨਾਂ ਦਿਨਾਂ ਵਿਚ ਜਿਵੇਂ ਬਸੰਤ ਖਿੜੀ ਹੈ, ਤਿਵੇਂ ਨਾਨਕ ਨਿਰੰਕਾਰੀ ਆਪਣੀ ਕੁਮਾਰ ਅਵਸਥਾ ਵਿਚ ਖਿੜੇ ਕੁਦਰਤ ਨੂੰ ਰੰਗ ਲਾ ਰਹੇ ਹਨ। ਹੁਣ ਤਾਂ ਪਿੰਡ ਦੇ ਆਪਣੀ ਉਮਰ ਦੇ ਹਾਣੀਆਂ ਨਾਲ ਬੀ ਕਿਸੇ ਵੇਲੇ ਕੂੰਦੇ ਸਹਿੰਦੇ ਹਨ। 'ਧੰਨ ਨਿਰੰਕਾਰ' 'ਧੰਨ ਨਿਰੰਕਾਰ' ਦੀ ਮਧੁਰ ਧੁਨੀ ਕਿਸੇ ਕਿਸੇ ਵੇਲੇ ਮੁਖਾਰਬਿੰਦ ਤੋਂ ਸੁਣਾਈ ਦੇਂਦੀ ਹੈ। ਤਾਰਿਆਂ ਤੋਂ ਜਿਵੇਂ ਚਾਨਣ ਡਿਗਦਾ ਹੈ, ਜ਼ਰੀ ਬਾਦਲੇ ਦੇ ਕੱਪੜੇ ਪਹਿਨਕੇ ਟੁਰਿਆਂ ਫਿਰਿਆਂ ਜਿਵੇਂ ਤਿਲੈ ਦੀਆਂ ਤਾਰਾਂ ਢਹਿੰਦੀਆਂ ਹਨ, ਤਿਵੇਂ ਜਿਧਰ ਜਿਸ ਰੰਗ ਆਪ ਫਿਰਦੇ ਬੋਲਦੇ ਚਾਲਦੇ ਹਨ, ਉਧਰ ਖੁਸ਼ੀਆਂ ਦੀਆਂ ਕਿਰਨਾਂ ਢਹਿੰਦੀਆਂ ਦਿਸਦੀਆਂ ਹਨ। ਹੋਰ ਕੋਈ ਖੁਸ਼ ਹੋਵੇ ਤਾਂ ਨਿਰਾ ਆਪ ਹੀ ਖੁਸ਼ ਹੁੰਦਾ ਹੈ, ਪਰ ਉਸ ਦਿਵਾਨੇ ਕਹਿਲਾ ਚੁਕੇ ਬਾਲਕੇ ਦੇ ਖੁਸ਼ ਚਿਹਰੇ ਤੋਂ ਖੁਸ਼ੀ ਦੀ ਛੂਤ ਲਗਦੀ ਹੈ। ਜੋ ਤੱਕੇ, ਨੇੜੇ ਆਵੇ, ਖੁਸ਼ ਹੋ ਹੋ ਜਾਂਦਾ ਹੈ, ਖਿੜਦਾ ਹੈ, ਸੁਖੀ ਹੁੰਦਾ ਹੈ।

❑ ❑ ❑ ❑ ❑

 www.sikhbookclub.com

## 3. ਮਾਇਆ

**ਉਹਨਾਂ** ਦੇ ਖੇੜੇ ਦੇ ਇਸ ਅਸਰ ਨੂੰ ਇਕ ਭੈਣ ਹੈ ਜੋ ਪਛਾਣਦੀ ਹੈ। ਹਾਂ, ਇਕ ਨਾਨਕੀ ਹੈ ਜੋ ਪਛਾਣਦੀ ਹੈ ਕਿ ਵੀਰ ਉੱਚਾ ਹੈ ਤੇ ਧੁਰੋਂ ਆਇਆ ਹੈ। ਹਾਂ ਉਹ ਸਮਝਦੀ ਹੈ ਕਿ ਵੀਰ ਜਗਤ ਦਾ ਨਹੀਂ, ਪਰ ਜਗਤੋਂ ਪਾਰ ਦਾ ਹੈ। ਰੱਬ ਦਾ ਪਿਆਰਾ ਰੱਬੀ ਜੋਤਿ ਨਾਲ ਭਰਪੂਰ ਰੱਬੀ ਰੂਪ ਹੈ। ਪਰ ਮਾਂ ਨੂੰ ਪੁੱਤ ਦੀਂਹਦਾ ਹੈ, ਜੋ ਅਹੁਰਿਆ ਗਿਆ ਸੀ ਤੇ ਹੁਣ ਵੱਲ ਹੋਇਆ ਹੈ। ਉਹ ਦਾਨ ਕਰਦੀ ਹੈ, ਵਾਰੇ ਫੇਰੇ ਕਰਦੀ ਤੇ ਗਰੀਬਾਂ ਨੂੰ ਵੰਡਦੀ ਹੈ। ਪਿਉ ਹੈ ਕਿ ਹੁਣ ਖੁਸ਼ ਹੈ, ਕਿ ਸ਼ੁਕਰ ਹੈ ਪੁੱਤ੍ਰ ਵੱਲ ਹੋਇਆ ਹੈ! ਹੁਣ ਕਿਰਤ ਕਾਰੇ ਲੱਗੇਗਾ, ਗ੍ਰਿਹਸਤੀ ਬਣੇਗਾ, ਪਰ੍ਹੇ ਵਿਚ ਬੈਠੇਗਾ, ਕੁਲ ਦਾ ਨਮੂਜ ਕੱਢੇਗਾ, ਸਾਡੀ ਬੁੱਢੇ ਵਾਰੇ ਸੇਵਾ ਕਰੇਗਾ! ਹਾਂ ਜੀ, ਜਿਸ ਵੇਲੇ ਨਾਨਕ ਬਾਲਕਾ ਆਪਣੇ ਰੱਬੀ ਰੰਗ ਦੇ ਖੇੜਿਆਂ ਵਿਚ ਖਿੜ ਖਿੜ ਮੁਸ਼ਕਾਂ ਮਚਾ ਰਿਹਾ ਸੀ, ਉਸ ਵੇਲੇ ਮਹਿਤਾ ਕਾਲੂ ਖੁਸ਼ ਹੋ ਰਿਹਾ ਸੀ ਕਿ ਹੁਣ ਪੁੱਤ ਆਖੇ ਲਗ ਕੇ ਵਿਹਾਰ ਕਾਰ ਵਿਚ ਪੈ ਜਾਏਗਾ। ਮਹਿਤੇ ਦੇ ਮਨ ਨੇ ਸੋਚਿਆ ਕਿ ਅੱਗੇ ਤਾਂ ਕਿਸੇ ਕਿੱਤੇ * ਨਾਨਕ ਨਹੀਂ ਲਗਾ, ਇਸ ਦਾ ਸੁਭਾਉ ਫਿਰਨ ਟੁਰਨ ਵਾਲਾ ਬਾਹਲਾ ਹੈ, ਸੋ ਐਸੇ ਕਿਸੇ ਕਿੱਤੇ ਲਾਓ ਕਿ ਫਿਰੇ ਟੁਰੇ ਬੀ ਤੇ ਵਿਹਾਰ ਬੀ ਕਰੇ। ਸੋ ਉਸ ਦੇ ਤ੍ਰਿੱਖੇ ਵਿਹਾਰੀ ਮਨ ਨੇ ਨਾਨਕ ਨੂੰ ਵਣਜਾਰਾ ਬਨਾਉਣ ਦੀ ਸੋਚੀ, ਕਿ ਬਾਹਰ ਦਿਸੌਰਾਂ ਵਿਚ ਜਾਵੇ, ਮਾਲ ਖਰੀਦ ਕੇ ਲਿਆਵੇ ਤੇ ਅਪਣੇ ਸ਼ਹਿਰ ਵੇਚੇ; ਸ਼ਹਿਰ ਦੇ ਮਾਲ ਬਾਹਰ ਦਿਸੌਰਾਂ ਨੂੰ ਲੈ ਜਾਵੇ ਤੇ ਵੇਚ ਕੇ ਘਰ ਆਵੇ। ਸੌਦਾਗਰੀ ਦਾ ਖਿਆਲ ਬਾਬੇ ਕਾਲੂ ਨੂੰ ਹੁਣ ਫੁਰ ਰਿਹਾ ਸੀ। ਉਹ ਸੁਫਨਾ, ਜੋ ਸੱਚ ਨੂੰ ਖੁਹਲਣਹਾਰ ਸੀ, ਕਾਲੂ ਨੂੰ ਮਾਇਆ ਹੋ ਭਾਸਿਆ ਸੀ ਤੇ ਇਹ ਲੋਭ ਲਾਲਚ, ਜੋ ਮਾਇਆ ਸੀ, ਉਸਨੂੰ ਸੱਚ ਭਾਸ ਰਿਹਾ ਸੀ, ਸੋ ਹੁਣ ਉਹ ਵੇਲਾ ਜੋ ਨਿਰੰਕਾਰੀ ਨਾਨਕ ਉੱਤੇ ਰੱਬੀ ਜੋਬਨਾਂ ਦਾ ਸੀ, ਕਾਲੂ ਨੂੰ ਮੱਤ ਦੇਣ ਤੇ ਪੁੱਤ੍ਰ ਨੂੰ ਅਪਣੇ ਭਾਣੇ ਸੁਮਤੇ ਲਾਉਣ ਦਾ ਵੇਲਾ ਸੀ, ਇਸ ਲਈ ਉਸ ਨੇ ਇਕ ਦਿਨ ਪੁੱਤ੍ਰ ਨੂੰ ਪਾਸ ਬਿਠਾ ਕੇ ਤੇ ਸਿਰ ਤੇ ਪਿਆਰ ਦੇ ਕੇ ਸਮਝਾਉਣਾ ਸ਼ੁਰੂ ਕੀਤਾ:-

* ਕਿਤਾ=ਕੰਮ ਕਾਜ

"ਹੇ ਨਾਨਕ! ਤੂੰ ਮੇਰਾ ਇੱਕੋ ਇਕ ਪੁੱਤਰ ਅੱਖਾਂ ਦਾ ਚਾਨਣ, ਜੱਗ ਦੀ ਰੌਸ਼ਨੀ ਹੈਂ। ਤੇਰੇ ਚਾਲੇ ਹੁਣ ਤਕ ਅਤੀਤਾਂ ਵਾਲੇ ਰਹੇ ਹਨ। ਹੁਣ ਸ਼ੁਕਰ ਹੈ ਕਿ ਤੇਰੇ ਮਨ ਨੇ ਮੋੜਾ ਖਾਧਾ ਹੈ ਤੇ ਗ੍ਰਿਹਸਤੀਆਂ ਵਾਂਙੂ ਹੱਸਣ ਬੋਲਣ ਲਗਾ ਹੈਂ। ਮੇਰਾ ਵਿਚਾਰ ਸੀ ਕਿ ਤੂੰ ਬੜਾ ਸਿਆਣਾ ਤੇ ਕਮਾਊ ਪੁੱਤ੍ਰ ਨਿਕਲੇਂਗਾ ਤੇ ਜੱਗ ਵਿਚ ਮੇਰਾ ਤੇ ਕੁਲ ਦਾ ਨਮੂਜ ਕੱਢੇਂਗਾ। ਅੱਜ ਤਕ ਜਿੰਨੇ ਜਤਨ ਮੈਂ ਤੈਨੂੰ ਇਸ ਪਾਸੇ ਲਾਉਣ ਦੇ ਕੀਤੇ ਹਨ, ਉਹ ਨਿਸਫਲ ਗਏ ਹਨ ਤੇ ਮੇਰੇ ਸਮੇਤ ਸਾਰਾ ਪਰਿਵਾਰ ਨਿਰਾਸ ਹੋ ਰਿਹਾ ਹੈ ਤੇ ਜਗਤ ਵਿਚ ਸਾਡੀ ਦੰਦ ਕਥਾ ਬੀ ਬੜੀ ਹੁੰਦੀ ਹੈ। ਹੁਣ ਜੇ ਤੂੰ ਆਖੇ ਲਗੇਂ ਤੇ ਵੱਡੇ ਵਡੇਰਿਆਂ ਦੀ ਰਹੁਰੀਤਿ ਤੇ ਟੁਰੇਂ ਤਾਂ ਕੁਝ ਕੰਮ ਕਾਰ ਮੇਰੇ ਜੀਉਂਦੇ ਜੀ ਸੰਭਾਲ ਲੈ।"

ਇਸ ਪ੍ਰਕਾਰ ਦੋ ਘੜੀਆਂ ਬਾਬਾ ਕਾਲੂ ਜੀ ਸਮਝਾਉਂਦੇ ਰਹੇ ਤੇ ਗੁਰੂ ਨਾਨਕ ਜੀ ਚੁੱਪ ਸੁਣਦੇ ਰਹੇ। ਕਾਲੂ ਜੀ ਨੇ ਮਨ ਦੇ ਸਾਰੇ ਰੋਸ ਤੇ ਗੁੱਸੇ ਗਿਲੇ ਕੱਢ ਲਏ, ਜਾਂ ਮਨ ਠੰਢਾ ਹੋ ਗਿਆ ਤਾਂ ਸ੍ਰੀ ਜਗਤ ਨਾਥ ਜੀ ਬੋਲੇ:-

"ਪਿਤਾ ਜੀ! ਤੁਹਾਨੂੰ ਦੁਖੀ ਹੋਣ ਦਾ ਕਸ਼ਟ ਹੈ, ਪਰ ਮੇਰੇ ਵੱਸ ਨਹੀਂ, ਜੋ ਹੁੰਦਾ ਹੈ ਕਿਤੋਂ ਹੋਰਥੋਂ ਹੁੰਦਾ ਹੈ। ਜੇ ਤੁਸਾਨੂੰ ਰੰਜ ਹੋਇਆ ਤਾਂ ਖਿਮਾਂ ਕਰੋ ਤੇ ਅਗੋਂ ਆਗਯਾ ਕਰੋ ਜੋ ਸਰ ਬਣ ਆਇਆ ਮੈਂ ਕਰੂੰ, ਪਰ ਮੇਰੇ ਅਧੀਨ ਕੁਛ ਨਹੀਂ, ਮੈਂ ਆਪੂੰ ਕੁਛ ਵਿਗਾੜ ਨਹੀਂ ਕਰਾਂਗਾ। ਇਹ ਸੁਣ ਕੇ ਕਾਲੂ ਨੇ ਪਛਾਤਾ ਕਿ ਹੁਣ ਪੁੱਤ੍ਰ ਟਿਕਾਣੇ ਆ ਗਿਆ ਹੈ, ਹੁਣ ਕਿਸੇ ਕੰਮ ਵਿਚ ਫਸਾ ਦਿਓ! ਸੋ ਬੋਲਿਆ:-

"ਨਾਨਕ! ਮੈਂ ਤੈਨੂੰ ਪਾਂਧੇ, ਮੁੱਲਾਂ, ਖੇਤੀ ਆਦਿ ਵਿਚ ਲਾ ਕੇ ਚਾਹੁੰਦਾ ਸਾਂ ਕਿ ਤੂੰ ਸਾਰੇ ਕੰਮ ਸਿੱਖ ਜਾਵੇਂ ਤਾਂ ਇਕ ਪਿੰਡ ਵੱਖਰਾ ਵਸਾ ਦਿਆਂ ਜੋ ਤੂੰ ਅਪਣੀ ਮਿਹਨਤ ਨਾਲ ਆਬਾਦ ਕਰੇਂ ਤੇ ਸਨੇਸਨੇ ਤਕੜਾ ਜ਼ਿਮੀਂਦਾਰ ਬਣ ਜਾਵੇਂ, ਪਰ ਓਹ ਤਾਂ ਸਾਰੀਆਂ ਗੱਲਾਂ ਰਹੀਆਂ। ਹੁਣ ਪੁੱਤ! ਐਉਂ ਕਰ, ਕੁਛ ਰੁਪਏ ਲੈ ਜਾਹ ਤੇ ਕੋਈ ਮਾਲ ਸੁਵੱਲਾ ਖਰੀਦ ਲਿਆ, ਤਲਵੰਡੀ ਦੇ ਨਿਰਖ ਮੈਂ ਤੈਨੂੰ ਦੱਸ ਦੇਂਦਾ ਹਾਂ ਤੇ ਬਾਹਰ ਜਿਥੇ ਜੋ ਮਾਲ ਜਚਦਾ ਤੈਨੂੰ ਲਗੇ ਕਿ ਐਥੇ ਪੁੱਗੇਗਾ ਉਹ ਖਰੀਦ ਕੇ ਲੈ ਆਵੀਂ, ਫੇਰ ਐਥੇ ਆ ਕੇ ਵੇਚ ਦੇਵੀਂ। ਐਉਂ ਕੁਛ ਚਿਰ ਫਿਰਦਿਆਂ ਅਤੇ ਹੇਰ ਫੇਰ ਕਰਦਿਆਂ ਤੈਨੂੰ ਜਾਚ ਆ ਜਾਏਗੀ ਤੇ ਦਿਸੌਰਾਂ ਵਿਚ ਵਾਕਬੀ ਹੋ ਜਾਏਗੀ, ਫੇਰ ਤੂੰ ਸ਼ਾਹ ਬਣ ਕੇ ਵੱਡੀ ਹੱਟੀ ਪਾ

 www.sikhbookclub.com

ਲਈਂ ਤੇ ਆੜ੍ਹਤ ਦਾ ਵਿਹਾਰ ਟੋਰੀਂ ਤੇ ਸਨੇ ਸਨੇ ਕੋਠੀਦਾਰੀ ਬਣ ਜਾਏਗੀ। ਤੂੰ ਸੁਖੀ ਤੇ ਸੇਠ ਆਦਮੀ ਬਣ ਜਾਏਂਗਾ ਤੇ ਅਸੀਂ ਸੁਖੀ ਤੇ ਠੰਢੇ ਦਿਲ ਜਗਤ ਤੋਂ ਟੁਰਾਂਗੇ।"

ਸ੍ਰੀ ਨਾਨਕ ਜੀ— ਤੇ ਪਿਤਾ ਜੀ! ਮੈਨੂੰ ਆਪੂੰ ਤਾਂ ਜਾਚ ਕੋਈ ਨਹੀਂ

ਕਾਲੂ ਜੀ— ਮੈਂ ਤੇਰੇ ਨਾਲ ਬੱਚਾ! ਘਰ ਦਾ ਇਕ ਮਾਤਬਰ ਤੋਰਾਂਗਾ ਜੋ ਸਾਰੀ ਜਾਚ ਦੱਸੇਗਾ। ਹਾਲੇ ਤਾਂ ਮੈਂ ਤੈਨੂੰ ਕੰਮੇ ਨਹੀਂ ਘੱਲਣ ਲੱਗਾ, ਹਾਲੇ ਤਾਂ ਜਾਚ ਦੱਸਣ ਦਾ ਮਤਲਬ ਹੈ, ਇਸੇ ਕਰਕੇ ਰੁਪੱਯੇ ਬੀ ਥੋੜੇ ਦਿਆਂਗੇ, ਜੇ ਘਾਟਾ ਪਵੇ ਤਾਂ ਬਹੁਤ ਨਾ ਪਵੇ, ਤੇ ਜਾਓ ਬੀ ਲਾਗੇ ਚਾਗੇ, ਦੂਰ ਨਾ ਜਾਓ। ਦੋ ਚਾਰ ਵਾਰ ਕਰਕੇ ਫੇਰ ਰੁਪੱਯਾ ਬੀ ਵਧ ਵਧ ਲਾਉਂਦੇ ਜਾਵਾਂਗੇ ਤੇ ਕੰਮ ਬੀ ਵਧਦਾ ਜਾਏਗਾ। ਜਿਉਂ ਜਿਉਂ ਪੁੱਤ! ਖੱਟਦਾ ਜਾਏਂ, ਅਪਣੀ ਕਮਾਈ ਵੱਖ ਰੱਖੀ ਜਾਈਂ ਤੇ ਓਸ ਨਾਲ ਬੀ ਅਪਣੀ ਰਾਸ ਵਧਾਈ ਜਾਈਂ, ਮੈਂ ਬੀ ਹੋਰ ਜੋ ਸਰੇ ਨਾਲ ਰਲਾਈ ਜਾਵਾਂਗਾ। ਖਰਚ ਤੇਰਾ ਸਾਰਾ ਮੇਰੇ ਸਿਰ ਰਹੇਗਾ, ਤੂੰ ਇਸ ਗੱਲ ਦਾ ਬੀ ਫਿਕਰ ਨਾ ਕਰੀਂ। ਇਸ ਤਰ੍ਹਾਂ ਦੇ ਉਪਦੇਸ਼ ਜਗਤ ਤਾਰਕ ਜੀ ਨੇ ਸੁਣੇ ਤੇ ਇਕ ਲੰਮਾ ਸਾਹ ਲੈ ਕੇ ਕਿਹਾ, ਅੱਛਾ ਪਿਤਾ ਜੀ! ਜਿਵੇਂ ਆਖੋ ਤਿਵੇਂ ਸਹੀ।

ਕਾਲੂ ਨੇ ਹੁਣ ਇਕ ਅਪਣੇ ਇਤਬਾਰੀ ਨੂੰ ਨਾਲ ਤਿਆਰ ਕੀਤਾ ਸੀ। ਆਖਦੇ ਹਨ ਕਿ ਇਸ ਦਾ ਨਾਮ ਬਾਲ ਯਾ ਬਾਲਾ* ਸੀ। ਵੀਹ ਰੁਪੱਯੇ ਕਾਲੂ ਨੇ ਪਹਿਲੀ ਰਾਸ ਜਗਤ ਦੇ ਮਾਲਕ ਨੂੰ ਦਿਤੀ, ਜੋ ਮਤੇ ਬਹੁਤੀ ਦਿੱਤੀ ਚੌੜ ਨਾ ਕਰ ਆਵੇ। ਫੇਰ ਆਗਯਾ ਕੀਤੀ ਕਿ ਜਾਓ ਕਿਸੇ ਦਿਸੌਰ ਤੋਂ ਕੋਈ ਖਰਾ ਸੌਦਾ ਖਰੀਦ ਲਿਆਓ ਜੋ ਏਥੇ ਆ ਕੇ ਚਾਰ ਪੈਸੇ ਨਾਲ ਰਲ ਜਾਣ।

❐ ❐ ❐ ❐ ❐

---

* ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦੀ ਜੋ ਗਿਣਤੀ ਭਾਈ ਗੁਰਦਾਸ ਨੇ ਦਿਤੀ ਹੈ ਉਸ ਵਿਚ 'ਬਾਲ' ਪਦ ਆਇਆ ਹੈ ਤੇ ਸਿਆਣੇ ਇਸ ਨੂੰ ਇਕ ਸਿਖ ਦਾ ਨਾਮ ਸਮਝਦੇ ਹਨ।

# 4. ਸੌਦਾਗਰੀ

**ਚਲੇ** ਤਲਵੰਡੀ ਤੋਂ ਸ੍ਰੀ ਗੁਰੂ ਨਾਨਕ ਜੀ ਵਪਾਰ ਕਰਨ, ਵੀਹ ਰੁਪਏ ਨਾਲ ਲੈ ਕੇ ਪਿਤਾ ਦੀ ਇੱਛਾ ਨੂੰ ਫੁੱਲ ਚੜ੍ਹਾਉਣ। ਚੱਲਦੇ ਚੱਲਦੇ ਬਾਰਾਂ ਕੁ ਕੋਹ ਵਾਟ ਨਿਕਲ ਗਏ, ਦੂਰੋਂ ਇਕ ਨਗਰੀ ਨਜ਼ਰ ਆਈ, ਇਹ ਚੂੜ੍ਹਕਾਣਾ ਸੀ। ਬਾਲੇ ਦੀ ਮਰਜ਼ੀ ਸੀ ਕਿ ਏਥੋਂ ਹੀ ਕੋਈ ਮਾਲ ਖਰੀਦ ਕੇ ਲੈ ਚੱਲਾਂਗੇ, ਸੋ ਏਧਰ ਪੈਰ ਮੋੜੇ। ਅਜੇ ਪਿੰਡੋਂ ਉਰੇ ਹੀ ਸਨ ਕਿ ਇਕ ਬ੍ਰਿਛਾਂ ਦੇ ਵਿਚ ਝੰਗੀ ਆ ਗਈ, ਜਿਸ ਦੇ ਵਿਚਾਲੇ ਇਕ ਛੰਭ ਸੀ। ਗੁਰ ਨਾਨਕ ਨੇ ਇਸ ਝੰਗੀ ਵੱਲੇ ਪੈਰ ਮੋੜ ਦਿੱਤੇ, ਬਾਲਾ ਬੀ ਨਾਲ ਮੁੜਿਆ ਕਿ ਚਲੋ ਝੰਗੀ ਦੇ ਵਿਚ ਦੀ ਲੰਘ ਚੱਲਾਂਗੇ। ਜਾਂ ਉਸ ਝੰਗੀ ਦੇ ਅੰਦਰ ਗਏ ਤਾਂ ਕੀਹ ਦੇਖਦੇ ਹਨ ਕਿ ਅਨੇਕਾਂ ਤਪੱਸੀ ਸਾਧੂ ਵਿਭੂਤ ਮਲੀ ਬੈਠੇ ਹਨ। ਕੋਈ ਧੂਣੇ ਤਪ ਰਹੇ ਹਨ, ਕੋਈ ਜਲ ਵਿਚ ਬੈਠੇ ਹਨ, ਕੋਈ ਬ੍ਰਿਛ ਨਾਲ ਲਟਕ ਰਹੇ ਹਨ, ਕੋਈ ਇਕ ਪੈਰ ਭਾਰ ਖੜੇ ਹਨ, ਕੋਈ ਬਾਹਾਂ ਉੱਚੀਆਂ ਕਰ ਬੈਠੇ ਹਨ। ਇਹਨਾਂ ਕਠਨ ਤਪਾਂ ਦਾ ਕਾਰਨ ਇਹਨਾਂ ਦੇ ਮਨਾਂ ਵਿਚ ਪਰਲੋਕ ਦੇ ਸੁੱਖਾਂ ਦੀ ਇੱਛਾ ਸੀ।

ਇਹਨਾਂ ਦਾ ਇਕ ਮਹੰਤ ਸੀ ਜੋ ਛੰਭ ਕਿਨਾਰੇ ਮ੍ਰਿਗਛਾਲਾ ਉੱਤੇ ਬੈਠਾ ਸੀ, ਸਿਰ ਤੇ ਜਟਾਂ ਸਨ, ਸੁਆਹ ਮਲੀ ਹੋਈ ਸੀ, ਪਦਮਾਸਨ ਲਾਏ ਬੈਠਾ ਸੀ। ਇਸ ਨੂੰ ਤੱਕ ਤੱਕ ਕੇ ਬਾਲਕ ਨਾਨਕ ਜੀ ਖੜੇ ਰਹੇ, ਫੇਰ ਅੱਗੇ ਵੱਧ ਕੇ ਮਹੰਤ ਜੀ ਪਾਸ ਜਾ ਬੈਠੇ। ਮਹੰਤ ਨੇ ਉਹਨਾਂ ਵੱਲ ਡੂੰਘੀ ਨਜ਼ਰ ਤਕਾਈ ਤੇ ਨੈਣਾਂ ਵਿਚ ਕੁਛ ਚਾਉ ਭਰ ਆਇਆ।

ਸ੍ਰੀ ਗੁਰੂ ਜੀ ਹੁਣ ਬੋਲੇ:-

"ਹੇ ਸੰਤ ਜੀ! ਆਪ ਇਸ ਬਨ ਵਿਚ ਬੈਠੇ ਹੋ, ਪਾਲੇ ਦੀ ਰੁੱਤ ਹੈ, ਕਪੜੇ ਨਹੀਂ ਪਹਿਨੇ, ਅੰਨ ਬੀ ਕਿਤੇ ਦਿੱਸ ਨਹੀਂ ਪੈਂਦਾ, ਇਹ ਦਸ਼ਾ ਆਪਣੇ ਆਪ ਦੀ ਆਪ ਕੀਤੀ ਹੈ ਕਿ ਆਪ ਨੂੰ ਪਦਾਰਥ ਮਿਲਦਾ ਨਹੀਂ, ਤਦ ਉਦਾਸ ਹੋ ਇੱਥੇ ਆ ਬੈਠੇ ਹੋ?"

ਮਹੰਤ ਨੇ ਕਿਹਾ:- "ਹੇ ਪ੍ਰਤਾਪਸ਼ੀਲ ਬਾਲਕੇ! ਮਿਲਦਾ ਸਭ ਕੁਛ ਹੈ, ਤੇਰੇ ਵਰਗੇ ਅਸੀਂ ਬੀ ਕਿਸੇ ਦੇ ਲਾਲ ਸਾਂ, ਘਰ ਬਾਰ ਬੀ ਸਨ, ਸਾਰੇ ਛੋਡ ਆਏ ਹਾਂ ਕਿ ਇਸ ਜਗਤ ਦੇ ਪਦਾਰਥ ਤੇ ਇਹ ਸਰੀਰ ਨਾਸ਼ਮਾਨ ਹੈ ਤੇ

ਅਸੀਂ ਅੱਗੇ ਪਰਲੋਕ ਲਈ ਸੁਖ ਕੱਠੇ ਕਰੀਏ। ਸੋ ਇਸ ਭਯਾਨਕ ਮਾਇਆ ਤੋਂ ਦੂਰ ਰਹਿ ਕੇ ਬਨਾਂ ਵਿਚ ਬੈਠਿ ਤਪੱਸਯਾ ਕਰਦੇ ਹਾਂ, ਫਾਕੇ ਕੜਾਕੇ ਕੱਟਦੇ ਹਾਂ, ਕਿਸੇ ਥਾਂ ਟਿਕਦੇ ਨਹੀਂ ਜੋ ਮਾਇਆ ਦਾ ਮੋਹ ਨਾ ਪੈ ਜਾਵੇ। ਮਨ ਮਾਇਆ ਤੋਂ ਪਰੇ ਰਹੇ, ਸਰੀਰ ਤਪ ਕਰਦਾ ਰਹੇ, ਜੋ ਜੀਵਨ ਦੇ ਦਿਨ ਮੈਲ ਤੋਂ ਸੁਥਰੇ ਲੰਘ ਜਾਣ ਤੇ ਅੱਗੇ ਚੱਲ ਕੇ ਪਰਮ ਸੁਖਾਂ ਨੂੰ ਪ੍ਰਾਪਤ ਹੋਈਏ।"

ਗੁਰੂ ਨਾਨਕ— ਸੰਤ ਜੀ! ਹੁਣ ਆਪ ਕਿਤਨੇ ਕੁ ਦਿਨਾਂ ਦੇ ਫਾਕੇ ਵਿਚ ਹੋ?

ਮਹੰਤ— ਹੇ ਯੁਵੋਰਾਜ! ਸਾਡੇ ਦਿਨਾਂ ਦੀ ਨਾ ਪੁੱਛ, ਅਸੀਂ ਮੰਗਣ ਵਾਲੇ ਸਾਧੂ ਨਹੀਂ। ਸਾਡੀ ਵਿਰਤ ਅਕਾਸ਼ੀ ਹੈ। ਅਸੀਂ ਆਪਣੇ ਤਪਾਂ ਵਿਚ ਰਹਿੰਦੇ ਹਾਂ। ਜਦੋਂ ਕਦੀ ਸਾਈਂ ਪ੍ਰੇਰ ਕੇ ਸਾਡੇ ਭੋਜਨ ਲਈ ਕੁਛ ਘੱਲ ਦੇਵੇ ਜਾਂ ਆਪੇ ਖੁਸ਼ੀ ਨਾਲ ਕੋਈ ਸਾਨੂੰ ਦੇ ਜਾਵੇ ਤਾਂ ਖਾ ਲੈਂਦੇ ਹਾਂ, ਨਹੀਂ ਤਾਂ ਫਾਕੇ ਕੜਾਕੇ, ਪੱਤਰ ਗੋਹਲਾਂ ਖਾ ਗੁਜ਼ਾਰਾ ਕਰ ਲੈਂਦੇ ਹਾਂ। ਅੱਜ ਅਸੀਂ ਸੱਤਾਂ ਦਿਨਾਂ ਦੇ ਅੰਨ ਤੋਂ ਵਿਰਵੇ ਹਾਂ।

ਇਹ ਸੁਣ ਕੇ ਗੁਰੂ ਨਾਨਕ ਦਾ ਜਗਤ ਪ੍ਰੇਮ ਨਾਲ ਭਰਿਆ ਦਿਲ ਦਇਆ ਨਾਲ ਭਰ ਆਇਆ। ਰੁਪੱਯੇ ਪਾਸ ਹਨ ਤੇ ਏਹ ਪਰਮੇਸ਼ਰ ਤੇ ਆਸ ਰੱਖਣ ਵਾਲੇ ਭੁੱਖੇ ਹਨ, ਕਿਉਂ ਨਾ ਇਹਨਾਂ ਨੂੰ ਭੋਜਨ ਖੁਲਾਈਏ?

ਗੁਰੂ ਨਾਨਕ— ਸੰਤ ਜੀ! ਆਪ ਦਾ ਨਾਮ ਕੀ ਹੈ?

ਸੰਤ— ਮੇਰਾ ਨਾਮ ਸੰਤਰੇਣ ਹੈ ਤੇ ਇਸ ਮੰਡਲੀ ਦਾ ਮੈਂ ਮਹੰਤ ਹਾਂ, ਪਰ ਕਾਹਦਾ ਸੰਤ ਤੇ ਕਾਹਦਾ ਮਹੰਤ, ਮੁਕਤੀ ਮਾਰਗ ਦੇ ਸਾਰੇ ਪੰਧਾਊ ਹਾਂ।

ਗੁਰੂ ਜੀ— ਸੰਤ ਜੀ! ਜੇ ਆਪ ਨੂੰ ਭੋਜਨ ਲਿਆ ਦੇਵੀਏ ਤਾਂ ਖਾ ਲੈਸੋ?

ਸੰਤ— ਆਪ ਅਜੇ ਕੁਮਾਰ ਹੋ ਤੇ ਮਾਤਾ ਪਿਤਾ ਅਧੀਨ ਹੋਸੋ, ਤੁਸੀਂ ਸਾਡਾ ਫਿਕਰ ਨਾ ਕਰੋ।

ਗੁਰੂ ਜੀ ਦਾ ਹਿਰਦਾ ਇਸ ਵੇਲੇ ਦਇਆ ਦੀਆਂ ਲਹਿਰਾਂ ਨਾਲ ਠਾਠਾਂ ਮਾਰ ਰਿਹਾ ਸੀ, ਇਹ ਖਿਆਲ ਕਿ ਇਹ ਵਾਹਿਗੁਰੂ ਦੇ ਬੰਦੇ ਹਨ ਤੇ ਉਸ ਦੀ ਆਸ ਤੇ ਸੱਤਾਂ ਦਿਨਾਂ ਦੇ ਭੁੱਖੇ ਹਨ ਤੇ ਮੇਰੇ ਪਾਸ ਰੁਪਯੇ ਹਨ, ਜਿਨ੍ਹਾਂ ਨਾਲ ਕਿ ਇਹਨਾਂ ਦੀ ਭੁਖ ਦੀ ਪੀੜਾ ਹਰੀ ਜਾ ਸਕਦੀ ਹੈ, ਗੁਰੂ ਨਾਨਕ ਜੀ ਦੇ ਜਰਨ ਦਾ ਨਹੀਂ ਸੀ। ਹਾਂ, ਕੂਲੇ ਦਿਲ ਵਾਲੇ ਦਾਤਾ ਲਈ ਕਠਨ ਸੀ ਕਿ ਭੁੱਖਿਆਂ ਨੂੰ ਭੁੱਖਿਆਂ ਛੱਡ ਕੇ ਪਾਸੋਂ ਦੀ ਆਪਣਾ ਦਿਲ ਕਰੜਾ ਕਰਕੇ ਲੰਘ ਜਾਣ!

ਭੁੱਖ ਇਕ ਐਸਾ ਦੁੱਖ ਹੈ, ਜਿਸ ਦੀ ਪੀੜਾ ਰੱਜ ਕੇ ਖਾਣ ਵਾਲੇ ਨਹੀਂ ਜਾਣ ਸਕਦੇ। ਸ੍ਰੀ ਗੁਰੂ ਜੀ ਨੇ ਆਪ ਬਾਣੀ ਵਿਚ ਚਾਰ ਮਹਾਂ ਦੁਖ ਗਿਣੇ ਹਨ:-

**"ਦੁਖੁ ਵੇਛੋੜਾ ਇਕੁ ਦੁਖੁ ਭੂਖ॥**
**ਇਕੁ ਦੁਖੁ ਸਕਤਵਾਰ ਜਮਦੂਤ॥**
**ਇਕੁ ਦੁਖੁ ਰੋਗੁ ਲਗੈ ਤਨਿ ਧਾਇ॥**
**ਵੈਦ ਨ ਭੋਲੇ ਦਾਰੂ ਲਾਇ॥"*** (ਮਲਾਰ ਮ:੧ ਘਰੁ ੨, ਪੰਨਾ ੧੨੫੬)

ਇਸ ਮਹਾਂ ਦੁੱਖ ਵਿਚ ਇਕ ਜਮਾਤ ਨੂੰ ਵੇਖੇ, ਤੇ ਗੁਰੂ ਨਾਨਕ ਦੀ ਮੁੱਠ ਵਿਚ ਹੋਣ ਵੀਹ ਰੁਪੱਯੇ; ਰੁਪੱਯੇ ਰਹਿ ਜਾਣ ਅਰ ਓਹ ਦੁੱਖ ਹਰਨ ਸੰਕਟ ਦੂਰ ਕਰਨ ਵਿਚ ਨਾ ਖਰਚ ਹੋ ਜਾਣ! ਇਹ ਗੱਲ ਉਸ ਦੀਨਾਂ ਬੰਧੂ ਦੇ ਸੁਭਾਵ, ਉਸ ਦੇ ਆਤਮਾ ਤੇ ਮਨ ਦੀ ਰਚਨਾਂ ਦੇ ਉਲਟ ਸੀ, ਤਤਛਿਨ ਰੁਪੱਯੇ ਕੱਢ ਕੇ ਅੱਗੇ ਧਰ ਦਿੱਤੇ ਤੇ ਆਖਿਆ, 'ਸੰਤ ਜੀ! ਇਹ ਮਾਇਆ ਮੇਰੇ ਪਾਸ ਇਸ ਛਿਨ ਹੈ, ਤੁਸੀਂ ਵਰਤੋ ਤੇ ਸਾਰਿਆਂ ਨੂੰ ਭੋਜਨ ਛਕਾਓ।' ਮਹੰਤ ਨੇ ਬੜੀ ਗੰਭੀਰਤਾ ਨਾਲ ਕਿਹਾ, 'ਸ੍ਰੀ ਜੀ! ਆਪ ਦੀ ਅਵਸਥਾ ਤਾਂ ਛੋਟੀ ਹੈ, ਪਰ ਦਿਲ ਵੱਡਾ ਹੈ।.....ਇਹ ਮਾਇਆ ਆਪ ਦੇ ਪਿਤਾ ਨੇ ਕਿਸੇ ਕਾਰ ਲਈ ਦਿੱਤੀ ਹੋਊ, ਸਾਡਾ ਭਗਵਾਨ ਫਿਕਰ ਕਰੇਗਾ, ਤੁਸੀਂ ਇਹ ਮਾਇਆ ਖਰਚ ਕੇ ਖੇਚਲ ਵਿਚ ਨਾ ਪੈ ਜਾਣਾ।'

ਸ੍ਰੀ ਗੁਰੂ ਜੀ ਦੇ ਨੈਣਾਂ ਵਿਚੋਂ ਇਕ ਸੋਚ ਦੀ ਲਹਿਰ ਲੰਘੀ, ਪਰ ਫੇਰ ਮੁਸਕ੍ਰਾਏ ਤੇ ਫੇਰ ਕਰੁਣਾ ਰੰਗ ਵਿਚ ਭਰ ਕੇ ਬੋਲੇ, "ਖੇਦ ਖੇਚਲਾਂ ਸਹਿਣਾ ਸਰੀਰ ਦਾ ਧਰਮ ਹੈ, ਪਿਆਰ ਤੇ ਮੁਹੱਬਤ ਵਿਚ ਪੰਘਰਨਾ ਮਨ ਦਾ ਧਰਮ ਹੈ, ਹੋਣਹਾਰ ਹੁੰਦੀ ਹੈ ਤੇ 'ਭਲਾ ਕਰਨ ਦੇ ਵੇਲੇ ਦੀ ਛਿਨ' ਛੇਤੀ ਛੇਤੀ ਨਹੀਂ ਹੱਥ ਆਉਂਦੀ। ਮਾਇਆ ਦਾਸੀ ਹੈ ਤੇ ਸੇਵਾ ਇਸ ਦਾ ਧਰਮ ਹੈ, ਦਿਲ ਸਾਈਂ ਨੇ ਨਰਮ ਮਾਸ ਦਾ ਬਣਾਇਆ ਹੈ, ਚਾਂਦੀ ਸੋਨੇ ਦਾ ਨਹੀਂ ਬਣਾਇਆ, ਤੁਸੀਂ ਨਿਸ਼ਚਿੰਤ ਹੋ ਕੇ ਇਹ ਮਾਇਆ ਅਪਣੀ ਖੁਧਯਾ ਦੇ ਦੁੱਖ ਨੂੰ ਦੂਰ ਕਰਨ ਵਿਚ ਵਰਤੋ!"

ਮਹੰਤ ਸ੍ਰੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਅਚੰਭਿਤ ਹੋ ਤੱਕਣ ਲੱਗ ਪਿਆ, ਮਸਤਕ ਤੇ ਚਮਕ ਦੇਖ ਕੇ ਹੋਰ ਤ੍ਰਬੱਕਿਆ। ਫੇਰ ਠਹਿਰ ਕੇ ਬੋਲਿਆ,

* ਇਹ ਚਾਰ ਦੁਖ ਅਸਲ ਦੁਖ ਹਨ। ਵਿਛੋੜਾ, ਭੁਖ, ਮੌਤ ਤੇ ਰੋਗ।

 www.sikhbookclub.com

"ਅੱਛਾ ਜੀਓ! ਜੇ ਆਪ ਦੀ ਇਹੀ ਰਜਾਇ ਹੈ ਤਾਂ ਚਾਂਦੀ ਨੂੰ ਅਸਾਂ ਕੀਹ ਕਰਨਾ ਹੈ, ਭੋਜਨ ਲਿਆ ਦਿਓ"। ਇਹ ਸੁਣ ਕੇ ਸ੍ਰੀ ਜੀ ਦਾਸ ਸਮੇਤ ਚੂੜ੍ਹਕਾਣੇ ਦੇ ਪਿੰਡ ਵਿਚ ਗਏ ਤੇ ਦੁੱਧ, ਘਿਉ, ਆਟਾ, ਦਾਲ ਭਾਜੀ ਆਦਿ ਸਾਰੀ ਰਸਦ ਲੈ ਆਏ। ਆਪ ਦੇ ਗਏ ਮਗਰੋਂ ਮਹੰਤ ਅੱਖਾਂ ਮੀਟ ਕੇ ਆਪਣੇ ਅੰਦਰ ਜੁੜਨ ਵਿਚ ਲੱਗ ਗਿਆ। ਸ੍ਰੀ ਗੁਰੂ ਜੀ ਦੀ ਮਨੋਹਰ ਮੂਰਤੀ ਉਸ ਦੀਆਂ ਅੱਖਾਂ ਅੱਗੇ ਟਿਕ ਗਈ ਸੀ, ਧਿਆਨ ਦੇ ਨੈਣਾਂ ਵਿਚ ਸ੍ਰੀ ਗੁਰੂ ਜੀ ਉਸ ਨੂੰ ਮਹਾਂ ਦਿੱਬ ਮੂਰਤੀ ਹੋ ਦਿੱਸੇ। ਤੇਜ ਝੱਲਿਆ ਜਾਇ ਨਾ, ਗੁਪਤ ਪ੍ਰਗਟ ਮਹਾਂ ਪੁਰਖ ਉਹਨਾਂ ਦੇ ਚਰਨਾਂ ਕਮਲਾਂ ਤੇ ਪਏ ਦਿੱਸੇ, 'ਧੰਨ ਨਿਰੰਕਾਰ! ਧੰਨ ਨਿਰੰਕਾਰ' ਦਾ ਅਵਾਜ਼ਾ ਉਹਨਾਂ ਦੇ ਲੂੰ ਲੂੰ ਵਿਚੋਂ ਪਿਆ ਸੁਣੀਵੇ। ਜਾਂ ਗੁਰੂ ਜੀ ਰਸਦ ਲੈ ਕੇ ਆਏ ਤਾਂ ਮਹੰਤ ਦੇ ਨੈਣ ਖੁਲ੍ਹੇ ਤੇ ਹੁਣ ਉਸ ਦੀ ਤੱਕ ਸ੍ਰੀ ਗੁਰੂ ਜੀ ਵੰਨੇ ਹੋਰਵੇਂ ਹੀ ਰੰਗ ਦੀ ਹੋ ਗਈ, ਨਜ਼ਰ ਹੁਣ ਉਹਨਾਂ ਪਰ ਟਿਕੇ ਨਾਂ ਤੇ ਤੇਜ ਦੀ ਝਲਕ ਝੱਲੀ ਜਾਇ ਨਾ। ਫੇਰ ਮਹੰਤ ਨੇ ਆਖਿਆ- "ਆਪ ਹੁਣ ਪਧਾਰੋ, ਸਾਧੂ ਰਸੋਈ ਆਪ ਪਕਾ ਖਾ ਲੈਣਗੇ।" ਸ੍ਰੀ ਗੁਰੂ ਜੀ ਇਹ ਵਾਕ ਸੁਣਕੇ ਟੁਰ ਪਏ। ਇਕ ਸੰਤ ਨੇ ਮਹੰਤ ਜੀ ਤੋਂ ਪੁੱਛਿਆ ਕਿ ਇਹ ਬਾਲਕ ਬੜਾ ਸ਼ਰਧਾਵਾਨ, ਵੈਰਾਗਵਾਨ ਤੇ ਮਿੱਠਾ ਬੋਲਣ ਵਾਲਾ ਹੈਸੀ, ਆਪ ਨਾਲ ਕਿਤਨਾ ਪ੍ਰੇਮ ਉਸ ਨੇ ਕੀਤਾ, ਇਤਨੀ ਛੇਤੀ ਕਿਉਂ ਚਲੇ ਜਾਣ ਦੀ ਆਗਿਆ ਦਿੱਤੀ? ਐਸੇ ਅਧਿਕਾਰੀ ਜਨ ਹੀ ਤਾਂ ਮੁਕਤਿ ਦੇ ਅਧਿਕਾਰੀ ਹੋਇਆ ਕਰਦੇ ਹਨ?

ਸੁਣ ਮਹੰਤ ਬੋਲਯੋ ਬਰ ਬਾਨੀ:-

**'ਇਹ ਕੋ ਪਰਮ ਪੁਰਖ ਸੁਖਦਾਨੀ।**
**ਕਲਾਵਾਨ ਗਯਾਨੀ ਗੁਨ ਖਾਨੀ।**

**ਦੂਰਯੋ ਰਹੈ ਗਤਿ ਪਰਹਿ ਨ ਜਾਨੀ।**
**ਭਯੋ ਅਸਹਿ ਮੁਝ ਤੇਜ ਪ੍ਰਭਾਊ।**

**ਯਾਂ ਤੇ ਦੀਨੀ ਜਾਨ ਰਜਾਊ।.....**
**ਇਹ ਕਰਤਾਰ ਪਠਯੋ ਹਮ ਜਾਨੈ।**

**ਕਿਧੋਂ ਸਰੀਰ ਧਾਰ ਕਰਤਾਰਾ।**
**ਆਨ ਲੀਨ ਸੁਧ, ਦੀਨ ਅਹਾਰਾ।'**
(ਨਾ:ਪ੍ਰ:)

**ਕਹਿ ਮਹੰਤ- 'ਹਮ ਹਿਤ ਨਿਰਧਾਰਾ।**
**ਆਯੋ ਆਪ ਈਹਾਂ ਕਰਤਾਰਾ॥੩॥**

**ਸੀਖਯਾ ਲੈਣ ਉਚਿਤ ਥੋ ਤਾਹੂ।**
**ਸੇਵ ਕਰਾਵਨ ਜੋਗ ਨ ਆਹੂ।**

**ਯਾ ਤੇ ਦੀਨ ਬਿਦਾ ਬਿਨ ਦੇਰਾ।**
**ਸਹਯੋ ਨ ਜਾਤ ਤੇਜ ਤਿਨ ਕੇਰਾ।'**
(ਗੁ ਨਾ:ਪ੍ਰ:)

ਉਸ ਵਿਸ਼੍ਵੰਭਰ ਵਾਹਿਗੁਰੂ ਦੀ ਅੰਸ਼, ਉਸ ਪਾਲਨਹਾਰ ਕਰਤਾਰ ਦੇ ਸਰੂਪ*, ਹਾਂ, ਉਸ ਦਾਤੇ ਦੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪਾਲਣਹਾਰ ਬਿਰਦ ਨੂੰ ਸੰਭਾਲਦੇ ਸੰਤਾਂ ਤੋਂ ਵਿਦਾ ਹੋਏ ਤੇ ਸੰਤ ਮਹੰਤ ਇਸ ਸ਼ਰਧਾ ਤੇ ਭਾਵ ਨਾਲ ਭਰੇ ਭੋਜਨ ਰਿੰਨ੍ਹਣ ਪਕਾਉਣ ਤੇ ਖਾਣ ਦੇ ਆਹਰ ਵਿਚ ਲਗ ਪਏ।

❒ ❏ ❒ ❏ ❒

* ਗੁਰ ਨਾਨਕ ਦੇਵ ਗੋਵਿੰਦ ਰੂਪ (ਬਸੰਤ ਮ:5)

## 5. ਖੇਦ

**ਚੂੜ੍ਹਕਾਣੇ** ਤੋਂ ਪਿੱਛੇ ਮੁੜੇ ਸ੍ਰੀ ਗੁਰੂ ਜੀ ਤੇ ਨਾਲ ਮੁੜਿਆ ਦਾਸ, ਦੁਇ ਸਹਿਜੇ ਸਹਿਜੇ ਜਾ ਰਹੇ ਹਨ। ਕਿਤਨਾ ਚਿਰ ਤਾਂ ਸ੍ਰੀ ਗੁਰੂ ਜੀ ਆਪਣੇ ਕਿਸੇ ਰੰਗ ਵਿਚ ਸੱਤਾਂ ਦਿਨਾਂ ਦੇ ਭੁੱਖਿਆਂ ਨੂੰ ਅੰਨ ਦੇਣ ਤੋਂ ਉਪਜੇ ਚਾਉ ਵਿਚ ਤੁਰੀ ਗਏ, ਪਰ ਜਦੋਂ ਅੱਧਾ ਕੁ ਪੰਧ ਲੰਘ ਗਏ ਤਾਂ ਇਸ ਮਨੁੱਖਾ ਦੇਹੀ ਦਾ ਧਰਮ ਜਾਗਿਆ ਤੇ ਸੋਚ ਫੁਰੀ, ਅਸੀਂ ਕਿਧਰ ਜਾ ਰਹੇ ਹਾਂ, ਘਰ ਜਾ ਰਹੇ ਹਾਂ ਤਾਂ ਕਿਹੜੇ ਘਰ ਜਾ ਰਹੇ ਹਾਂ ? ਜਿਸ ਘਰ ਨੇ ਵਪਾਰ ਕਰਨ ਟੋਰਿਆ ਸੀ ਤੇ ਰੁਪੱਯੇ ਵਾਧੇ ਲਈ ਦਿੱਤੇ ਸਨ ਤੇ ਓਹ ਭੁੱਖ ਹਰਨ ਉਤੇ ਹੀ ਖਰਚ ਹੋ ਗਏ, ਹੁਣ ਨਾ ਪਾਸ ਮੂਲ ਹੈ ਤੇ ਨਾ ਨਫਾ, ਖੱਟੀ; ਘਰ ਦਿਆਂ ਨੂੰ ਕੀਹ ਮੂੰਹ ਦਿਆਂਗੇ ? ਦਾਸ ਨੂੰ ਕਹਿਣ ਲਗੇ ਘਰ ਜਾ ਕੇ ਕੀ ਕਹਾਂਗੇ ? ਪਿਤਾ ਜੀ ਗੁੱਸੇ ਹੋਣਗੇ, ਉਹਨਾਂ ਨੇ ਕਦੇ ਮੰਨਣਾ ਹੈ ਕਿ ਅਸਾਂ ਨੇ ਸੱਚ ਮੁੱਚ ਹੀ ਖਰਾ ਸੌਦਾ ਕੀਤਾ ਹੈ ? ਦਾਸ ਨੂੰ ਇਹ ਸੁਣ ਕੇ, ਜੋ ਅਗੇ ਹੀ ਮਹਿਤਾ ਕਾਲੂ ਤੋਂ ਡਰ ਰਿਹਾ ਸੀ, ਹੋਰ ਤ੍ਰਾਸ ਆਇਆ ਤੇ ਆਖਣ ਲਗਾ: ਸ੍ਰੀ ਜੀ! ਮੇਰਾ ਦੋਸ਼ ਕੁਛ ਨਹੀਂ, ਜਦ ਤੁਸੀਂ ਦੇਣ ਲਗੇ ਸਾਓ, ਮੈਂ ਸੈਨਤ ਨਾਲ ਹੋੜਿਆ ਸੀ; ਜਦ ਪਿੰਡ ਰਸਦ ਲੈਣ ਗਏ, ਮੈਂ ਮਨ੍ਹੇਂ ਕੀਤਾ ਸੀ। ਫੇਰ ਮੈਂ ਆਪ ਦੀ ਆਗਯਾ ਵਿਚ ਹਾਂ, ਜੋ ਹੁਕਮ ਸੀ ਸੋ ਕਰਨਾ ਸੀ। ਹੁਣ ਆਪ ਚਿੰਤਾ ਕਿਉਂ ਕਰਦੇ ਹੋ ? ਜੋ ਆਏਗੀ ਝੱਲ ਲੈਣੀ, ਪਰ ਮੈਂ ਟਹਿਲ ਵਾਲਾ ਹਾਂ; ਮੈਨੂੰ ਬਚਾ ਲੈਣਾ, ਮੇਰੇ ਸਿਰ ਬੁਰਾ ਨਾ ਆਵੇ ਕਿ ਮੈਂ ਰੁਪੱਯੇ ਖ਼ਰਾਬ ਕਰਵਾਏ ਹਨ। ਇਹ ਸੁਣ ਕੇ ਗੁਰੂ ਜੀ ਚੁਪ ਹੋ ਗਏ। ਇਸ ਵੇਲੇ ਜਗਤ ਦਾ ਰਖਯਕ ਅਪਣੇ ਕੌਤਕਹਾਰ ਚੋਜ ਵਿਚ ਚਿੰਤਾਤੁਰ ਹੈ। ਹਾਇ, ਇਹ ਕਠੋਰ ਜਗਤ ਵੀਹ ਰੁਪੱਯੇ ਅੱਗੇ ਧਰ ਕੇ ਜਗਤ ਦੇ ਨਾਥ ਦੀ ਚਿੰਤਾ ਨਹੀਂ ਹਰ ਸਕਦਾ। ਵੀਹ ਰੁਪੱਯੇ ਜੋ ਕੈਸੇ ਸ਼ੁਭ ਥਾਵੇਂ ਖਰਚ ਹੋਏ ਹਨ ? ਹਾਂ, ਸ਼ੁਭ ਕਰਮ ਤੇ ਮਾਇਆ ਲਾ ਕੇ ਮਾਤਾ ਪਿਤਾ ਦਾ ਇਕੋ ਪੁਤਰ ਉਹਨਾਂ ਦੀ ਖ਼ਫ਼ਗੀ ਦੇ ਭੈ ਤੋਂ ਡਰ ਰਿਹਾ ਹੈ। ਐਸਾ ਹੈ ਇਸ ਜਗਤ ਦਾ ਮਨ।

ਸਨੇਸਨੇ ਟੁਰਦਿਆਂ ਤਲਵੰਡੀ ਆ ਗਈ। ਬਾਲਾ ਤਾਂ ਵਿਦਾ ਲੈਕੇ ਸਿੱਧਾ ਆਪਣੇ ਘਰ ਚਲਾ ਗਿਆ। ਤੇ ਸ੍ਰੀ ਗੁਰੂ ਜੀ ਦਾ, ਉਸ ਸ੍ਰਿਸ਼ਟੀ ਦੇ

ਸਿਰਜਣਹਾਰ ਦੇ ਘਲੇ ਹੋਏ ਮਹਾਂਪੁਰਖ ਦਾ, ਹੀਆ ਨਾ ਪਵੇ ਕਿ ਘਰ ਜਾਵਾਂ, ਸੋ ਨਗਰੋਂ ਬਾਹਰ ਇਕ ਸੁੱਕੇ ਤਾਲ ਤੇ ਬਹਿ ਗਏ। ਇਕ ਬੜੇ ਪੁਰਾਣੇ ਛਾਇਆਦਾਰ ਵਣ ਦੀ ਓਟ ਵਿਚ ਲੁਕ ਰਹੇ[1]। ਹਾਇ, ਥੱਕੇ ਹੋਏ ਹਨ, ਫਿਕਰ ਹੈ, ਹਾਂ ਆਰਾਮ ਆਦਰ ਤੇ ਤੋਸ਼ੇ ਦਾ ਵੇਲਾ ਹੈ ਪਰ ਪੈ ਰਿਹਾ ਹੈ ਪਿਤਾ ਦੀ ਖ਼ਫ਼ਗੀ ਦਾ ਖ਼ਿਆਲ! ਸੋ ਉਥੇ ਬੈਠੇ ਧਿਆਨ ਲੀਨ ਹੋ ਗਏ। ਰਾਤ ਬੀਤ ਗਈ, ਅਗਲੇ ਦਿਨ ਬਾਲੇ ਦੇ ਘਰ ਅੱਪੜਨ ਦੀ ਖ਼ਬਰ ਕਾਲੂ ਦੇ ਕੰਨਾਂ ਤੱਕ ਅਪੜ ਗਈ। ਚਿੰਤਾ ਪੈ ਗਈ ਕਿ ਮੇਰਾ ਪੁਤਰ ਨਾਨਕ ਕਿਧਰ ਗਿਆ? ਦਾਸ ਕਿਉਂ ਮੇਰੇ ਪਾਸ ਨਹੀਂ ਆਇਆ? ਨਾਨਕ ਨਾਲ ਕਿਉਂ ਨਹੀਂ ਆਇਆ, ਕੋਈ ਚੋਰ ਪੈ ਗਏ? ਨਾਨਕ ਕਿਤੇ ਰੁੱਸ ਗਿਆ ਕਿ ਗੁਆਚ ਗਿਆ? ਹਜ਼ਾਰ ਚਿੰਤਾਂ ਸਨ ਜੋ ਕਾਲੂ ਨੂੰ ਇਕ ਦਮ ਆ ਪਈਆਂ। ਛੇਤੀ ਨਾਲ ਬਾਲੇ ਨੂੰ ਸਦਵਾਇਆ ਅਤੇ ਸਾਰਾ ਹਾਲ ਪੁੱਛਿਆ। ਓਸ ਨੇ ਸਾਰੀ ਗੱਲ ਖੁਹਲ ਕੇ ਸੁਣਾ ਦਿਤੀ ਤੇ ਆਪਣੇ ਤੇ ਕ੍ਰੋਧ ਪੈਣੋਂ ਬਚਣ ਵਾਸਤੇ ਇਹ ਬੀ ਕਹਿ ਦਿਤਾ ਕਿ ਮੈਂ ਵਰਜ ਰਿਹਾ ਸੀ ਤੇ ਆਖ਼ਰ ਮੈਂ ਸੀ ਤਾਂ ਟਹਿਲ ਵਾਲਾ, ਮੈਂ ਮੱਲੋ ਮੱਲੀ ਤਾਂ ਨਹੀਂ ਸਾਂ ਨਾ ਹੋੜ ਸਕਦਾ, ਸੋ ਜੋ ਉਹਨਾਂ ਦੀ ਮਰਜ਼ੀ ਆਈ ਉਹਨਾਂ ਨੇ ਕਰ ਲੀਤਾ। ਕਰਨ ਤੋਂ ਮਗਰੋਂ ਉਹਨਾਂ ਨੂੰ ਬੀ ਆਪ ਦੇ ਗੁੱਸੇ ਦਾ ਫ਼ਿਕਰ ਪੈ ਗਿਆ ਸੀ, ਇਸੇ ਕਰਕੇ ਘਰ ਨਹੀਂ ਆਏ, ਬਾਹਰ ਸੁੱਕੇ ਤਾਲ ਤੇ ਬਹਿ ਗਏ ਸਨ। ਇਹ ਸੁਣ ਕੇ ਮਹਿਤਾ ਜੀ ਦੇ ਕ੍ਰੋਧ ਦੀ ਜੁਵਾਲਾ ਭੜਕ ਉੱਠੀ, ਕਿਉਂ ਨਾ ਭੜਕੇ? ਹੇ ਜਗਤ! ਤੇਰੇ ਵਿਚ ਉੱਚੇ ਮਨ ਵਾਲਿਆਂ ਦੀ ਥਾਂ ਨਹੀਂ। ਉੱਚੇ ਵਲਵਲਿਆਂ ਵਾਲਿਆਂ ਦੀ ਕਦਰ ਨਹੀਂ। ਹਾਇ ਵਿਹਾਰ, ਹਾਇ ਵਿਹਾਰ ਦ੍ਰਿਸ਼ਟੀ! ਜੋ ਹੇ ਜਗਤ! ਤੈਨੂੰ ਕਦੇ ਉੱਚਿਆਂ ਨਹੀਂ ਤੱਕਣ ਦੇਂਦੀ। ਸਾਰਾ ਜਗਤ ਬਣਕੇ ਬ੍ਰਿਤੀ[2] ਵਿਚ ਹੈ। ਮਾਇਆ ਤੇ ਮਾਇਆ ਦੇ ਸੁਖ ਆਪਣੇ ਲਈ। ਸੁਖ ਦੇਣ ਵਿਚ ਸੁਖ ਨਹੀਂ ਦਿਸਦਾ, ਹਾਂ, ਕਿਸੇ ਨੂੰ ਉੱਚੇ ਜੀਵਨ ਦੀ ਸੋਝੀ ਨਹੀਂ, ਉੱਚੇ ਰੰਗ ਰਸ ਦੀ ਜਾਗ ਨਹੀਂ, ਜਿਨ੍ਹਾਂ ਨੂੰ ਹੋਵੇ ਉਹਨਾਂ ਦਾ ਜਗਤ ਵੈਰੀ।

---

1. ਇਹ ਟਿਕਾਣਾ ਗੁਰੂ ਬਾਬੇ ਦੇ ਇਸ ਵੇਲੇ ਦੇ ਆਰਾਮ ਦਾ ਹੁਣ ਤਕ ਹੈ ਤੇ ਇਸ ਨੂੰ 'ਤੰਬੂ ਸਾਹਿਬ' ਆਖਦੇ ਹਨ।
2. ਬਾਣੀਏ ਵਾਲੀ ਸੁਰਤ।

ਬਾਲੇ ਨੂੰ ਨਾਲ ਲੈ ਸ੍ਰੀ ਕਾਲੂ ਜੀ ਨੇ ਆ ਗੁਰੂ ਨਾਨਕ ਨੂੰ ਲੱਭਣ ਦੀ ਧਾਈ ਕੀਤੀ। ਜਿਸ ਰੰਗ ਤੇ ਜਿਸ ਕ੍ਰੋਧ ਵਿਚ ਕਾਲੂ ਟੁਰਿਆ, ਉਸ ਦੀ ਜਾਣੂ ਉਹਨਾਂ ਦੀ ਸੁਪਤਨੀ ਸ੍ਰੀ ਤ੍ਰਿਪਤਾ ਜੀ ਸਭ ਤੋਂ ਵਧ ਹੈਸੀ। ਹਾਂ, ਮਾਤਾ ਤ੍ਰਿਪਤਾ ਪੁੱਤ੍ਰ ਦੇ ਇਸ ਨਵੇਂ ਦੋਸ਼ ਤੋਂ ਬੀ ਪਿਤਾ ਹੀ ਵਾਂਗੂੰ ਗਰਿੰਜ ਸੀ, ਪਰ ਮਾਂ ਦਾ ਦਿਲ ਆਖ਼ਰ ਮਾਂ ਦਾ ਦਿਲ ਹੈ, ਉਸ ਦੇ ਕਲੇਜੇ ਨੇ ਦਿਲਗੀਰੀ ਦੇ ਨਾਲ ਇਹ ਖੁੱਸਣ ਬੀ ਖਾਧੀ ਕਿ ਅੱਜ ਮੇਰੇ ਬੱਚੇ ਦੀ ਸੁੱਖ ਨਹੀਂ, ਉਹ ਮਾਂ-ਮਾਂ ਹਿਰਦੇ ਵਾਲੀ ਮਾਂ-ਦ੍ਰਵੀ ਗਈ ਤੇ ਛੇਤੀ ਨਾਲ ਧੀ ਨੂੰ ਬੋਲੀ, ਜਾਹ ਨੀ ਬੱਚੀਏ! ਪਿਉ ਦੇ ਮਗਰੇ ਮਗਰ ਜਾਹ, ਜਾਹ ਧੀਏ! ਤੇ ਵੀਰ ਦੀ ਰਖਯਾ ਕਰ, ਪਿਉ ਦੇ ਕ੍ਰੋਧ ਤੋਂ ਆਪਣੇ ਪਿਆਰੇ ਵੀਰ ਨੂੰ ਬਚਾ, ਇਕ ਇਸ ਵੇਲੇ ਤੂੰਹੀਓਂ ਹੀ ਹੈਂ, ਜੋ ਆਪਣੇ ਪਿਤਾ ਦੇ ਭੜਕੇ ਕ੍ਰੋਧ ਨੂੰ ਠੱਲ੍ਹਾ ਪਾ ਸਕੇਂ, ਮਾਂ ਵਾਰੀ, ਭੱਜ ਕੇ ਜਾਹ।

ਕਮਲੀ ਹੋਈ ਮਾਂ ਧੀ ਨੂੰ ਦੁੜਾ ਕੇ ਪਛੁਤਾਈ ਕਿ ਧੀ ਨੂੰ ਘਰੋਂ ਕੱਲੀ ਕਿਉਂ ਟੋਰ ਬੈਠੀ ਹਾਂ, ਫੇਰ ਦੌਲਤਾਂ ਟਹਿਲਣ ਨੂੰ ਮਗਰੇ ਭਜਾਇਆ, ਫੇਰ ਘਬਰਾਈ ਨੇ ਇਕ ਹੋਰ ਟਹਿਲ ਵਾਲਾ ਮਗਰ ਦੁੜਾਇਆ, ਜਾਓ ਵੇ ਛੇਤੀ ਕਾਕੀ ਦੇ ਨਾਲ ਹੋ ਜਾਓ। ਉੱਧਰ ਕਾਲੂ ਜੀ, ਉਹੋ ਕਾਲੂ ਜੀ ਜੋ ਸੁਪਨੇ ਵਿਚ ਤੱਕ ਚੁਕੇ ਹਨ ਕਿ ਪੁੱਤ੍ਰ ਮੇਰੀ ਆਪਣੀ ਮੰਗ ਦੀ ਆਪਣੀ ਤਪਸਯਾ ਦੇ ਬਦਲੇ ਮੰਗੇ ਵਰਦਾਨ ਦੀ ਪੂਰਨਤਾਈ ਵਿਚ ਆਇਆ ਹੈ, ਉਹੋ ਕਾਲੂ ਜੀ, ਜੋ ਇਕੋ ਪੁੱਤ ਦੇ ਪਿਤਾ ਹਨ ਤੇ ਉਸ ਨੂੰ ਸੁਖੀ ਵੇਖਣਾ ਲੋਚਦੇ ਹਨ, ਅੱਜ ਕ੍ਰੋਧ ਵਿਚ ਭਰੇ ਚਲੇ ਜਾ ਰਹੇ ਹਨ। ਜਾਂਦੇ ਜਾਂਦੇ ਜਾ ਤਾਲ ਤੇ ਬੈਠੇ ਲੱਭੇ। ਬ੍ਰਿੱਛ ਦੀ ਛਾਵੇਂ ਉਹ ਜਗਤ ਦਾ ਨੂਰ, ਅੱਖਾਂ ਮੀਟੀ ਸਾਈਂ ਦੇ ਰੰਗ ਰੱਤਾ ਬੈਠਾ ਸੀ; ਚਿਹਰਾ ਲਾਲ ਗੁਲਾਲ, ਮੱਥਾ ਦਮਕੇ, ਪਰ ਆਹ ਹੇ ਜਗਤ! ਤੂੰ ਕਾਲੂ ਹੋ ਕੇ ਆਇਆ ਹੈਂ। ਆਹ! ਕਾਲੂ ਨੇ ਕ੍ਰੋਧ ਨਾਲ ਬਾਹੋਂ ਧੂਹ ਖੜਾ ਕੀਤਾ:- 'ਨਿਜ ਨਾ ਹੋਣਿਆ! ਹੁਣ ਸਮਾਧੀਆਂ ਲਾ ਬੈਠਾ ਹੈਂ, ਉਜਾੜੂਆ! ਕਿੱਥੇ ਨੀ ਰੁਪੱਯੇ? ਦੱਸ ਕਿੱਥੇ ਈ ਵਪਾਰ? ਕਿਥੇ ਤੇਰੇ ਸਾਧ ਦੇ ਬਚਨ, "ਜੀ ਜਿਵੇਂ ਕਹਿ ਸੋ ਕਰਸਾਂ!" ਹੈਂ! ਹੁਣ ਬੋਲਦਾ ਬੀ ਨਹੀਂ!' ਪਿਤਾ ਬਾਂਹ ਬੇਰਹਿਮੀ ਨਾਲ ਧਰੂੰਹਦਾ ਹੈ, ਸ੍ਰੀ ਜੀ ਸਿਰ ਨੀਵਾਂ ਪਾਈ ਬੋਲਦੇ ਤਕ ਨਹੀਂ। ਕ੍ਰੋਧ ਦੀ ਜਵਾਲਾ ਹੋਰ ਭੜਕਦੀ ਹੈ, ਕਾਲੂ ਜੀ ਦੀ ਸੱਜੀ ਬਾਂਹ ਉੱਲਰਦੀ ਹੈ ਤੇ ਜ਼ੋਰ ਨਾਲ ਸ੍ਰੀ ਜੀ ਦੀ ਰੱਬੀ ਜਲਾਲ ਵਾਲੀ ਖੱਬੀ ਗੱਲ੍ਹ ਤੇ ਚਪੇੜ ਵੱਜਦੀ ਹੈ। ਫੇਰ ਕਾਲੂ

ਦਾ, ਨਹੀਂ ਹੇ ਜਗਤ! ਹੇ ਕਠੋਰ, ਬੇਰਹਿਮ ਜਗਤ, ਹਾਂ ਤੇਰਾ ਖੱਬਾ ਹੱਥ ਉਲਰਦਾ ਹੈ ਤੇ ਜ਼ੋਰ ਨਾਲ ਭਰ ਕੇ ਸੱਜੀ ਗੱਲ੍ਹ ਤੇ ਚਪੇੜ ਪੈਂਦੀ ਹੈ। ਜਿਉਂ ਕਾਲੂ ਇਕ ਚਪੇੜ ਮਾਰਦਾ ਹੈ, ਦੂਸਰੀ ਮਾਰਨ ਲਈ ਉਸ ਦਾ ਕ੍ਰੋਧ ਤੇ ਜ਼ੋਰ ਹੋਰ ਵਧਦਾ ਹੈ। ਜਗਤ ਦਾ ਚਾਨਣਾ ਚੁੱਪ ਖੜਾ ਮਾਰ ਖਾ ਰਿਹਾ ਹੈ, ਨੈਣਾਂ ਤੋਂ ਨਿੱਕਾ ਨਿੱਕਾ ਟੇਪਾ ਨੀਰ ਦਾ ਕਿਰਦਾ ਹੈ ਪਰ ਬੁਲ੍ਹਾਂ ਤੇ ਚੁੱਪ ਹੈ ਅਰ ਸਰੀਰ ਅਡੋਲ ਖੜਾ ਹੈ।

ਇਸ ਮੂਰਤੀ ਵਲ ਤੱਕਣਾ। ਕੁਮਾਰ ਅਵਸਥਾ; ਕੋਮਲ ਲਾਡਲਾ ਸਰੀਰ, ਅੰਦਰ ਰੱਬੀ ਨੂਰ, ਅਰਸ਼ ਕੁਰਸ਼ ਦੀ ਜੋਤ, ਉਹ ਜਗਤ ਦੀ ਭੁੱਖ ਦਾ ਦੁਖ ਦੂਰ ਕਰਨ ਦੇ ਅਪ੍ਰਾਧ ਵਿਚ ਦੋਸ਼ੀ ਹੋਇਆ ਖੜਾ ਹੈ। ਕਿਵੇਂ ਅਡੋਲ ਖੜਾ ਹੈ, ਕਿਵੇਂ ਚੁੱਪ ਹੈ, ਕਿਵੇਂ ਸਿਰ ਨਿਹੁੜਾਇਆ ਹੈ, ਕਿਵੇਂ ਨੈਣਾਂ ਤੋਂ ਮੋਤੀ ਕਿਰ ਰਹੇ ਹਨ, ਕਿਵੇਂ ਚਪੇੜ ਤੇ ਚਪੇੜ ਪੈ ਰਹੀ ਹੈ, ਕਿਵੇਂ ਇਕ ਹੱਥ ਸੱਜੇ ਫੇਰ ਖੱਬੇ ਉਲਰ ਉਲਰ ਕੇ ਪੈਂਦਾ ਹੈ।

ਹਾ ਜਗਤ! ਹਾ ਕਾਲੂ! ਅੱਜ ਜੇ ਤੂੰ ਆਖੇਂ ਕਿ ਮੇਰੇ ਇਕ ਰੁਪੱਯੇ ਦੀ ਥਾਂ ਲੱਖ ਲੱਖ ਭਰਕੇ ਦਿਓ ਤਾਂ ਤੇਰੇ ਇਸ ਬਾਲਕੇ, ਇਸ ਦੋਸ਼ੀ ਤੇ ਅਪ੍ਰਾਧੀ ਕਰਕੇ ਖੜੇ ਕੀਤੇ ਨਾਨਕ ਦੀ ਸੱਖੀ ਤੇ ਪੰਥ ਤੇਰੇ ਅੱਗੇ ਧਰਕੇ ਆਖੇ: ਹੇ ਕਾਲੂ! ਆਹ ਲੈ ਵੀਹ ਦੀ ਥਾਂ ਵੀਹ ਲੱਖ ਤੇ ਸਾਡੇ ਅਰਸ਼ੀ ਨੂਰ ਵੱਲ ਕੈਰੀ ਅੱਖ ਨਾ ਤੱਕ, ਪਰ ਹਾਇ ਬਾਬਾ ਕਾਲੂ! ਅੱਜ ਤੈਨੂੰ ਨਹੀਂ ਦਿੱਸ ਰਿਹਾ ਕਿ ਤੂੰ ਇਸ ਪਰ ਰਿਸ ਰਿਹਾ ਤੇ ਗੁੱਸਾ ਕਰ ਰਿਹਾ ਹੈਂ? ਹਾਂ, ਤੂੰਹੋਂ ਅੱਜ ਤੋਂ ਦਸ ਵੀਹ ਵਰ੍ਹੇ ਮਗਰੋਂ ਇਸੇ— ਇਸ ਵੇਲੇ ਦੇ ਤੇਰੇ ਮੰਨੇ ਅਪ੍ਰਾਧੀ— ਦੇ ਹੱਥੋਂ ਅਪਣੀ ਕਲਿਆਨ ਮੰਗਣੀ ਹੈ, ਇਸੇ ਤੇਰਾ ਪਾਰ ਉਤਾਰਾ ਤੇ ਸਦਗਤੀ ਕਰਨੀ ਹੈ, ਪਰ ਹਾਇ ਮਾਯਾ, ਹਾਇ ਜਗਤ ਦੀ ਕਠੋਰਤਾ, ਹਾਇ ਜਗਤ ਦਾ ਅੰਧਰਾਤਾ! ਇਸ ਨੂੰ ਨਹੀਂ ਦਿੱਸ ਪੈਂਦਾ ਸਮੇਂ ਤੋਂ ਪਹਿਲਾਂ ਤੇ ਸਮੇਂ ਸਿਰ; ਸਮੇਂ ਬੀਤੇ ਤੇ ਹੀ ਇਸ ਦੀ ਅੱਖ ਖੁਲ੍ਹਦੀ ਹੈ। ਇਸ ਵੇਲੇ ਕਾਲੂ ਸੱਚਾ ਹੈ, ਅਪਣੇ ਮਨ ਵਿਚ ਮਹਾਂ ਦੁਖੀ ਹੈ ਅਰ ਨਾਨਕ ਨੂੰ ਮਹਾਂ ਦੁਖਦਾਈ ਤੇ ਨਲੈਕ ਸਮਝ ਰਿਹਾ ਹੈ। ਕਾਲੂ! ਕਿਤਨੇ ਪੁੱਤਰ ਹਨ ਜੋ ਕੁਲਾਰੀਤ ਤੇ ਟੁਰਦੇ ਹਨ, ਜੋ ਪਿਉ ਦੀ ਲੀਹੇ ਟੁਰਕੇ ਖੱਟਦੇ ਕਮਾਉਂਦੇ ਤੇ ਗ੍ਰਿਹਸਤ ਕਰਦੇ, ਪਤਿ ਉਤਪਤ ਕਰਦੇ, ਧਨ ਜੋੜਦੇ ਤੇ ਪਿਉ ਵਾਂਗ ਕੱਠਾ ਕਰਕੇ ਮਰ ਜਾਂਦੇ ਹਨ? ਉਤਰ ਹੋਊ— ਸਾਰੇ। ਦੱਸ ਕਿੰਨੇ ਹਨ ਪੁੱਤਰ ਇਸ ਲੀਕ ਨੂੰ ਤੋੜਨ ਵਾਲੇ ਜੋ ਤੇਰੇ ਪੁਤ ਨਾਨਕ ਵਰਗਾ ਕੰਮ

ਕਰਦੇ ਹਨ? ਦੱਸ ਨਾਨਕ ਦੇ ਵੇਲੇ ਜਾਂ ਮਗਰੋਂ ਕਿੰਨੇ ਕੁ ਇਹੋ ਜਿਹੇ ਕੁਲਾਰੀਤ ਤੋੜਨ ਵਾਲੇ ਹੋਰ ਹੋਏ ਹਨ? ਪਰ ਉਸ ਵੇਲੇ ਨਾ ਕਾਲੂ ਨੂੰ ਸੋਝੀ ਆਈ, ਨਾ ਅਜ ਕਿਸੇ ਨੂੰ ਆ ਸਕਦੀ ਹੈ, ਨਾ ਆਸ ਹੈ ਕਿ ਇਹ ਸਬਕ ਜਗਤ ਕਦੀ ਸਿੱਖੇ। ਪਰਮੇਸ਼ੁਰ ਦੇ ਪਿਆਰਿਆਂ ਲਈ ਇਸ ਜਗਤ ਦੇ ਪ੍ਰਬੰਧ ਵਿਚ ਕਿਤੇ ਕੋਈ ਥਾਂ ਨਹੀਂ। ਨਾ ਮਾਤਾ, ਨਾ ਪਿਤਾ, ਨਾ ਭਾਈਚਾਰਾ, ਨਾ ਰਾਜਾ, ਕੋਈ ਬੀ ਸਤਿਸੰਗੀ ਸਤਿ-ਪੁਰਸ਼ ਦੀ ਕਦਰ ਨਹੀਂ ਕਰਦਾ। ਸਾਰੇ ਸਤਿਪੁਰਖ ਤੇ ਸਤਿਸੰਗੀ ਨੂੰ ਕੈਰੀ ਅੱਖ ਤੇ ਸ਼ੱਕ ਤੇ ਨਜ਼ਰ ਨਾਲ ਵੇਖਦੇ ਹਨ, ਨਿੰਦਾ, ਈਰਖਾ ਤੇ ਜ਼ੁਲਮ ਨਾਲ ਉਸ ਦਾ ਆਦਰ ਕਰਦੇ ਹਨ, ਟਿਚਕਰ ਤੇ ਮਖ਼ੌਲ ਨਾਲ ਸੇਵਾ ਸਾਧਦੇ ਹਨ।

ਹਾਂ, ਹੇ ਕਠੋਰ ਜਗਤ! ਵੀਹ ਰੁਪੱਯੇ ਬਦਲੇ, ਅੱਜ ਜੋ ਸਾਰੇ ਜਗਤ ਵਿਚ ਸੁਲਹ ਦਾ ਪੈਗੰਬਰ, ਪਿਆਰ ਦਾ ਦੇਵਤਾ ਤੇ ਰੱਬੀ ਨੂਰ ਮੰਨਿਆ ਗਿਆ ਹੈ, ਹਾਂ 20 ਰੁਪੱਯੇ ਬਦਲੇ ਚੁਪੇੜਿਆ ਜਾ ਰਿਹਾ ਹੈ! ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

**ਸੋਹਤਿ ਪਰ ਗਏ ਨੀਲ ਕਪੋਲਾ।**
**ਜਿਉਂ ਉਤਪਲ ਪਰ ਅਲਿਨ ਅਡੋਲਾ॥***
(ਨਾ:ਪ੍ਰਾ:)

ਗੱਲ੍ਹਾਂ ਤੇ ਨੀਲ ਪੈ ਗਏ, ਇੱਡੇ ਕਾਲੇ ਰੰਗ ਦੇ ਜਿਵੇਂ ਕਮਲ ਤੇ ਭੌਰਾ ਬੈਠਾ ਹੋਵੇ। ਅਜੇ ਕਾਲੂ ਬੱਸ ਨਹੀਂ ਕੀਤੀ, ਅਜੇ ਕਾਲੂ ਦੇ ਵੀਹ ਰੁਪੱਯੇ ਦਾ ਬਦਲਾ ਨਹੀਂ ਨਿਕਲਿਆ। ਹੇ ਜਗਤ! ਤੇਰੇ ਵੀਹ ਰੁਪੱਯੇ ਕਿੱਡੇ ਮਹਿੰਗੇ ਹਨ?

ਇਸ ਹਾਲਤ ਵਿਚ ਆਪਣੇ ਵੀਰ ਦੀ ਪਿਆਰੀ ਤੇ ਪਛਾਣ ਵਾਲੀ ਨਾਨਕੀ ਇਕੋ ਸਾਹੀ ਦੌੜਦੀ ਅੱਪੜ ਪਈ। ਉਸ ਤੋਂ ਪਹਿਲਾਂ ਬੀ ਕਈ ਤਮਾਸ਼ਾ ਦੇਖਣ ਵਾਲੇ ਅੱਪੜ ਪਏ ਹੋਏ ਸਨ। ਇਸ ਕਠੋਰ ਜਗਤ, ਇਸ ਤਮਾਸ਼ਬੀਨ ਜਗਤ ਦਾ ਕੋਈ ਬੰਦਾ ਜਗਤ ਦੇ ਰਖਯਕ ਨਾਨਕ ਤੇ ਤਰਸ ਨਹੀਂ ਸੀ ਕਰ ਰਿਹਾ। ਇਹਨਾਂ ਕਠੋਰਾਂ ਦੀ ਭੀੜ ਚੀਰ ਕੇ ਨਾਨਕੀ ਅੱਗੇ

* ਗੱਲ੍ਹਾਂ ਉੱਤੇ ਨੀਲ ਪੈ ਗਏ ਜਿਵੇਂ ਕਮਲਾਂ ਤੇ ਭੌਰੇ ਅਡੋਲ ਟਿਕ ਜਾਣ।


www.sikhbookclub.com

ਲੰਘੀ ਤੇ ਆਉਂਦੀ ਬਾਉਲੀ ਹੋ ਪਿਤਾ ਨੂੰ ਚੰਬੜ ਗਈ ਤੇ ਜੱਫੀ ਪਾਕੇ ਪਰੇ ਧੱਕ ਲਿਗਈ: 'ਨਾ ਪਿਤਾ ਜੀ! ਵੀਰ ਮਸੂਮ ਨੂੰ ਨਾ ਮਾਰੋ। ਨਾ ਪਿਤਾ ਜੀ! ਰੱਬ ਵੀਰ ਨੂੰ ਨਾ ਮਾਰੋ।'

ਕਾਲੂ ਦਾ ਗੁੱਸਾ ਪਤਾ ਨਹੀਂ ਕਿਥੇ ਤਕ ਜਾਂਦਾ ਤੇ ਹੋਰ ਕੋਈ ਛੁਡਾਉਣ ਨੂੰ ਵਧਦਾ ਤਾਂ ਪਤਾ ਨਹੀਂ ਕੀ ਹੁੰਦਾ? ਪਰ ਉਸ ਦੇਵੀ ਦੀ ਠੰਡੀ ਜੱਫੀ ਨੇ ਉਸ ਕ੍ਰੋਧ ਦੀ ਜੁਵਾਲਾ ਨੂੰ ਠਲ੍ਹਿਆ। ਹੁਣ ਲੋਕੀਂ ਵੀ ਲੱਗੇ ਕਾਲੂ ਨੂੰ ਸਮਝਾਉਣ, ਕਿਉਂ ਨ ਸਮਝਾਉਣ? ਉਸ ਦੇਵੀ ਨੇ ਰੌ ਜੁ ਬਦਲ ਦਿਤਾ ਸੀ। ਚਾਰ ਆਦਮੀ ਅੱਗੇ ਹੋਏ, ਉਹਨਾਂ ਕਾਲੂ ਨੂੰ ਫੜ ਲਿਆ ਜੋ ਫੇਰ ਅੱਗੇ ਨਾ ਵਧੇ। ਭੈਣ ਨੇ ਹੁਣ ਪਿਤਾ ਛੱਡ ਕੇ ਵੀਰ ਨੂੰ ਜਾ ਜੱਫੀ ਪਾਈ, ਉਸ ਕਸ਼ਟ ਦੇ ਵੇਲੇ ਭੀ ਵੀਰ ਦੀ ਜੱਫੀ ਨਾਲ ਨਾਨਕੀ ਦੇ ਲੂੰ ਲੂੰ ਵਿਚੋਂ ਰੱਬੀ ਝਰਨਾਟ ਛਿੜੀ ਤੇ ਇਕ ਇਲਾਹੀ ਝੂਟਾ ਆ ਗਿਆ।

ਨਾਨਕੀ ਸਮਝੀ ਸੀ ਕਿ ਮੈਂ ਵੇਲੇ ਸਿਰ ਅੱਪੜੀ ਹਾਂ ਤੇ ਵੀਰਨ ਨੂੰ ਅਜੇ ਚਪੇੜ ਪਈ ਨਹੀਂ ਸੀ ਤੇ ਮੈਂ ਪਿਉ ਦਾ ਉੱਲਰਦਾ ਹੱਥ ਰੋਕ ਲਿਆ ਹੈ, ਪਰ ਹੁਣ ਜਦ ਵੀਰ ਦੇ ਨੈਣ ਡੁੱਲ੍ਹਦੇ ਤੇ ਗੱਲ੍ਹਾਂ ਨੀਲੀਆਂ ਤੱਕੀਆਂ ਤਾਂ ਗਸ਼ ਖਾ ਕੇ ਢੱਠੀ। ਘਰ ਦੀ ਗੋਲੀ ਨੇ ਬੀਬੀ ਨੂੰ ਸੰਭਾਲਿਆ, ਹੋਸ਼ ਆਈ ਤਾਂ ਫੇਰ ਵੀਰ ਨੂੰ ਚੰਬੜ ਗਈ ਤੇ ਲੈਕੇ ਘਰ ਵੱਲ ਟੁਰੀ। ਟੁਰੀ ਜਾਂਦੀ ਹੈ, ਪਰ ਨੈਣਾਂ ਤੋਂ ਨੀਰ ਜਾਰੀ ਹੈ, ਟਹਿਲਣ ਤੇ ਦਾਸੀ ਨਾਲ ਨਾਲ ਹਨ। ਦਸ ਸਰੀਰ ਹੋਰ ਬੀ ਹੁਣ ਮਗਰ ਹਨ। ਦਸ ਸਰੀਰ ਕਾਲੂ ਨੂੰ ਸਮਝਾ ਬੁਝਾ ਰਹੇ ਤੇ ਖੂਹ ਵਲ ਲਿਜਾ ਰਹੇ ਹਨ। ਉਧਰ ਬਾਉਲੀ ਹੋਈ ਮਾਂ ਨੂੰ ਘਰ ਚੈਨ ਨਹੀਂ, ਧੀ, ਦਾਸੀ, ਨੌਕਰ ਘੱਲ ਕੇ ਭੀ ਚੈਨ ਨਹੀਂ, ਬੇਵੱਸੀ ਘਰ ਖੁਲ੍ਹਾ ਛੱਡ ਟੁਰੀ ਆ ਰਹੀ ਹੈ, ਪਿੰਡੋਂ ਬਾਹਰ ਆ ਗਈ ਨੂੰ ਅੱਗੋਂ ਪੁੱਤ ਮਿਲਿਆ। ਚੁੱਪ ਦੀ ਮੂਰਤ, ਸ਼ਾਂਤ, ਅੱਥਰੂ ਸੁੱਕ ਚੁਕੇ ਹਨ, ਪਰ ਗੱਲ੍ਹਾਂ ਦੇ ਨੀਲ ਵੇਖ ਕੇ ਮਾਂ ਦੀਆਂ ਭੁੱਬਾਂ ਨਿਕਲ ਗਈਆਂ, ਘੁੱਟ ਕੇ ਪੁੱਤ ਨੂੰ ਗਲ ਨਾਲ ਲਾਇਆ, ਸਿਰ ਤੇ ਹੱਥ ਫੇਰਿਆ, ਘਰ ਲੈ ਆਈ। ਮਾਂ ਵਾਰੇ ਫੇਰੇ ਹੁੰਦੀ ਹੈ, ਨੈਣ ਭਰਦੀ ਹੈ, ਬਲਾਵਾਂ ਲੈਂਦੀ ਹੈ, ਪਿਆਰ ਦੇਂਦੀ ਹੈ, ਪਰ ਹੇ ਮਾਂ! ਜੋ ਗੱਲ੍ਹਾਂ ਤੇ ਨੀਲ ਪੈ ਗਏ ਹਨ, ਜੋ ਪੀੜਾ ਉਹ ਕਮਲਾਂ ਤੋਂ ਕੂਲੀਆਂ ਗੱਲ੍ਹਾਂ ਪਾ ਰਹੀਆਂ ਹਨ, ਉਹ ਪੀੜਾ ਹੈ; ਉਹ ਪੀੜਾ ਅਜੇ ਹੈ। ਮਾਂ ਹੁਣ ਇਹ ਭੀ ਕਹਿ ਰਹੀ ਹੈ, 'ਮੇਰੇ ਲਾਲ ਜੀ! ਤੁਸੀਂ ਹੁਣ ਰੱਤੀ ਫ਼ਿਕਰ ਨਾ ਕਰੋ, ਚੁੱਪ ਕਰਕੇ ਘਰ ਬੈਠੇ ਰਹੋ, ਤੁਹਾਨੂੰ ਕੰਮ

ਕਾਜ ਲਈ ਅੱਜ ਤੋਂ ਕੋਈ ਨਾ ਕੁਛ ਕਹੇਗਾ, ਤੁਸੀਂ ਹੁਣ ਹੱਸੋ, ਖੁਸ਼ ਹੋਵੋ, ਸੁਖੀ ਹੋਵੋ, ਜਿਵੇਂ ਚਾਹੋ ਰਹੋ।' ਇਉਂ ਮਾਂ ਸਦਕੇ ਪਈ ਹੁੰਦੀ ਹੈ। ਪਰ ਉਸ ਅਰਸ਼ੀ ਰੱਬੀ ਨੂਰ ਦੀਆਂ ਗੱਲ੍ਹਾਂ ਅਜੇ ਨੀਲੀਆਂ ਹਨ, ਉਹਨਾਂ ਵਿਚ ਜਗਤ ਦੇ ਦੁੱਖ ਹਰਨ ਦੀ ਪੀੜਾ ਹੈ। ਹਾਂ, ਨੈਣ ਅਜੇ ਜਗਤ ਨੂੰ ਸੁਖੀ ਕਰਨ ਲਈ ਸੇਜਲ ਹਨ।

❑ ❑ ❑ ❑ ❑

## 6. ਪਿਆਰ

**ਉਧਰ** ਕਿਸੇ ਨੇ ਰਾਇ ਬੁਲਾਰ ਨੂੰ ਜਾ ਦੱਸਿਆ ਕਿ ਅੱਜ ਨਾਨਕ ਨੂੰ ਮਾਰ ਪਈ ਹੈ, ਜੋ ਗੱਲ੍ਹਾਂ ਨੀਲੀਆਂ ਕਾਲੀਆਂ ਕੱਟ ਹੋ ਰਹੀਆਂ ਹਨ ਤੇ ਇਹ ਮਾਰ ਆਪਣੇ ਪਿਉ ਨੇ ਮਾਰੀ ਹੈ, ਜੋ ਨਾਨਕ ਵੀਹ ਰੁਪੱਯੇ ਵਣਜ ਨੂੰ ਲੈ ਗਿਆ ਸੀ ਚੂੜ੍ਹਕਾਣੇ ਭੁੱਖਿਆਂ ਸਾਧਾਂ ਨੂੰ ਖੁਆ ਆਇਆ ਹੈ। ਰਾਇ ਦਾ ਇਹ ਗੱਲ ਸੁਣ ਕੇ ਜੀ ਭਰ ਆਇਆ; ਉਸੇ ਵੇਲੇ ਕਾਲੂ ਦੇ ਘਰ ਆਦਮੀ ਟੋਰੇ ਜੋ 'ਜਾਓ ਨਾਨਕ ਜੀ ਨੂੰ ਮੇਰੇ ਪਾਸ ਲੈ ਆਓ, ਮੈਂ ਅੱਖੀਂ ਵੇਖਾਂ ਤੇ ਆਪ ਸੁਣਾਂ ਜੋ ਕੀ ਮਾਜਰਾ ਹੈ।' ਆਦਮੀ ਤਾਂ ਸ੍ਰੀ ਨਾਨਕ ਜੀ ਨੂੰ ਲੈਣ ਗਏ। ਰਾਇ ਜੀ ਇਸ ਵੇਲੇ ਹੁਜਰੇ ਬੈਠੇ ਸਨ ਤੇ ਇਸ ਵੇਲੇ ਸਭ ਕੋਈ ਆ ਕੇ ਮਿਲ ਸਕਦਾ ਸੀ। ਲੋਕੀਂ ਹੋਰ ਤੋਂ ਹੋਰ ਆਉਂਦੇ ਗਏ ਤੇ ਵਧ ਤੋਂ ਵਧ ਮਾਰ ਦੀ ਕਥਾ ਸੁਣਾਉਂਦੇ ਗਏ। ਤਦ ਰਾਇ ਦੇ ਮਨ ਭੀ ਗੁੱਸਾ ਭਰ ਆਇਆ, ਬੁੱਲ੍ਹ ਫੜਕ ਉੱਠੇ ਤੇ ਲੰਮਾ ਸਾਹ ਲੈ ਕੇ ਬੋਲਿਆ: 'ਮੇਰੀ ਨਗਰੀ ਬੜਾ ਉਪੱਦਰ ਹੁੰਦਾ ਹੈ, ਜੋ ਕਲਾਵਾਨ ਉੱਪਰ ਸਖ਼ਤੀ ਹੁੰਦੀ ਹੈ। ਉਹ ਰਾਜਾ ਅਭਾਗ ਹੈ, ਜਿਸ ਦੀ ਨਗਰੀ ਕਲਾਵਾਨ ਦੀ ਕਦਰ ਨਹੀਂ। ਉਹ ਰਾਜਾ ਮਹਾਂ ਦੁਰਭਾਗ ਹੈ, ਜਿਸ ਦੀ ਨਗਰੀ ਕਲਾਵਾਨ ਤੇ ਜ਼ੁਲਮ ਹੋਵੇ'। ਇੰਨੇ ਨੂੰ ਸ੍ਰੀ ਜਗਤ ਨਾਥ ਜੀ, ਇਸ ਖੇਦ ਵਾਲੇ ਚੋਜ ਦੇ ਵਿਚ ਦੀ ਨਿਕਲੇ, ਰਾਇ ਦੇ ਸੱਦੇ ਹੋਏ, ਰਾਇ ਪਾਸ ਅੱਪੜ ਪਏ। ਦੇਖਦੇ ਸਾਰ ਰਾਇ ਪਲੰਘ ਤੋਂ ਉਠਿਆ ਤੇ ਪਿਆਰ ਵਿਚ ਬਿਹਬਲ ਹੋਕੇ ਜਗਤਨਾਥ ਨੂੰ ਆਪਣੀ ਜੱਫੀ ਵਿਚ ਲੈ ਲਿਆ ਤੇ ਗੱਲ੍ਹਾਂ ਦੇਖ ਕੇ ਉਹ ਰਾਠ ਸੂਰਮਾ ਬੀ ਰੋ ਪਿਆ। ਪਿਆਰ ਦੇ ਵਾਕ ਆਖਣੇ ਚਾਹੇ, ਪਰ ਕੰਠ ਗਦਗਦ ਹੋ ਕੇ ਰੁਕ ਗਿਆ। ਆਪਣੀ ਛਾਤੀ ਨਾਲ ਘੁੱਟੀ ਜਾਏ ਤੇ ਰੋਈ ਜਾਏ। ਰਾਇ, ਗੱਲ੍ਹਾਂ ਤੱਕੇ ਪਿਆਰ ਦੇਵੇ ਤੇ ਫੇਰ ਨੈਣ ਭਰ ਆਉਣ। ਕਿੰਨਾਂ ਚਿਰ ਐਉਂ ਪਿਆਰ ਵਿਚ ਦੂੱਬ ਦੂੱਬ ਕੇ ਰਾਇ ਨੇ ਆਪਾ ਸੰਭਾਲਿਆ ਤੇ ਪਲੰਘ ਤੇ ਸਿਰ੍ਹਾਂਦੀ ਵਲ ਪਾਸ ਬਿਠਾ ਕੇ ਕਿਹਾ, 'ਹੇ ਸਾਈਂ ਦੇ ਘੱਲੇ! ਛਿਮਾਂ ਕਰ ਜੋ ਮੇਰੀ ਨਗਰੀ ਤੇਰੇ ਤੇ ਜ਼ੋਰ ਹੋਇਆ, ਤੂੰ ਸਾਈਂ ਦਾ ਪਿਆਰਾ ਛਿਮਾਂ ਤੇ ਪਿਆਰ ਦਾ ਰੂਪ ਹੈਂ, ਮੈਂ ਦਾਸ ਤੇ ਮਿਹਰ ਕਰ!' ਫੇਰ ਸਿਰ ਤੇ ਪਿਆਰ ਦੇਵੇ ਤੇ ਪੈਰਾਂ ਵਲ ਹੱਥ ਵਧਾਵੇ, ਕਦੇ ਪਿਤਾ ਵਾਲੇ ਪਿਆਰ ਵਿਚ ਆ ਜਾਵੇ, ਕਦੇ

ਦਾਸਾਭਾਵ ਵਿਚ ਭਰ ਕੇ ਭਗਤ ਵਾਂਙੂ ਚਰਨਾਂ ਤੇ ਨਜ਼ਰ ਜਮਾਵੇ। ਕਦੇ ਗੱਲ੍ਹਾਂ ਦੇ ਨੀਲ ਤੱਕੇ, ਕਦੇ ਉਹਨਾਂ ਦੇ ਨੈਣਾਂ ਵਿਚ ਸ਼ਾਂਤਿ ਰਸ ਦੀ ਦਮਕ ਤੱਕੇ। ਓਹ ਪਰਮੇਸ਼ੁਰ ਦੇ ਪਿਆਰੇ ਇਕੋ ਚੁੱਪ ਵਿਚ ਅਜੇ ਤਕ ਸਨ, ਓਹ ਇਕ ਸ਼ਾਂਤ ਮੋਹਨ ਮੂਰਤੀ ਸਨ ਤੇ ਰਾਇ ਦੇਖ ਦੇਖ ਕੇ ਪ੍ਰੇਮ ਦੇ ਅਨੇਕ ਤਰੰਗਾਂ ਦੇ ਕਈ ਤਰ੍ਹਾਂ ਦੇ ਰੰਗਾਂ ਤੇ ਭਾਵਾਂ ਵਿਚ ਆ ਆ ਕੇ ਪਸੀਜ ਰਿਹਾ ਸੀ। ਇੰਨੇ ਨੂੰ ਰਾਇ ਦੇ ਘੱਲੇ ਆਦਮੀ ਕਾਲੂ ਨੂੰ ਬੀ ਲੈ ਆਏ। ਹੁਣ ਰਾਇ ਦਾ ਰੁਖ ਉਧਰ ਹੋ ਗਿਆ, ਝਾੜ ਤਾਂ ਕਾਲੂ ਨੂੰ ਖਰੀ ਕ੍ਰੋਧ ਭਰੀ ਪੈਣੀ ਸੀ, ਪਰ ਰਾਇ ਦਾ ਅੰਦਰਲਾ ਨਾਨਕ ਦੇ ਪ੍ਰੇਮ ਨਾਲ ਦ੍ਰਵਿਆ ਹੋਣ ਕਰਕੇ ਸ੍ਰੀ ਕਾਲੂ ਜੀ ਨੂੰ ਝਾੜ ਬੀ ਨਰਮ ਨਰਮ ਹੋ ਕੇ ਪਈ:-

"ਕਾਲੂ! ਇਹ ਨਵਾਂ ਕਾਰਾ ਕੀ ਕੀਤੋਈ?, ਰੱਬ ਦੇ ਪਿਆਰੇ ਨੂੰ ਮੇਰੀ ਨਗਰੀ ਮਾਰਿਓਈ, ਅਸਾਂ ਕੂੰ ਬੀ ਨਾਲ ਪਾਪੀ ਕੀਤੋਈ? ਕਾਲੂ! ਉਹ ਰਾਜਾ ਬੀ ਦੰਡੀਏ, ਜਿਸ ਦੀ ਨਗਰੀ ਕਲਾਵਾਨ ਦੁੱਖ ਪਾਵੇ! ਵੀਹ ਰੁਪੱਯੇ ਅਸਾਂ ਦੇ ਘਰੋਂ ਲੈ ਜਾਂਦੋਂ, ਕੀਹ ਸੇ ਵੀਹ ਰੁੱਪਯੇ? ਇਸ ਲਾਲ ਨੂੰ ਵੀਹ ਰਜਤਪਣ ਬਦਲੇ ਕੁਹਿਆ! ਹਾਂ ਕਾਲੂ ਤੂੰ ਖਰਾ ਕਠੋਰ ਹੋਇਆ? ਲੋਕ ਦੀ ਹੀ ਸੋਚ ਕਰਦੋਂ, ਇਕੋ ਇਕ ਪੁਤਰ, ਚੰਦੋਂ ਸੁਹਣਾ, ਉਸ ਨੂੰ ਮਾਰਨਾ, ਕੇ ਤੇਰਾ ਪਿਆਰ ਤੇ ਕੇ ਤੇਰਾ ਮੋਹ? ਨਾ ਤੁਧਨੋ ਅੱਗੇ ਦੀ ਸੋਝੀ ਨਾ ਇਥੇ ਦੀ। ਇਹ ਖ਼ੁਦਾਇ ਦਾ ਵਲੀ ਹੈ, ਹਿਕੇ ਪਿਕਾਮਰ ਹੈ, ਕੌਣ ਜਾਣਦਾ ਹੈ? ਮੇਰੇ ਧਿਕਾਰ ਹੈ ਜੋ ਮੁਸਲਮੀਨ ਹਾਂ, ਨਹੀਂ ਨਾਨਕ ਨੂੰ ਅੱਜ ਤੋਂ ਪਾਸ ਰਖਦਾ ਤੇ ਤੈਨੂੰ ਲੂੰ ਪੱਟ ਨਾ ਇਸ ਦਾ ਕਦੇ ਵਿਖਾਉਂਦਾ। ਪਰ ਤੂੰ ਹਿੰਦੂ ਤੇ ਮੇਰੇ ਘਰ ਰੱਖਿਆਂ ਤੇਰੀ ਬਦਖੋਈ, ਇਸ ਕਰਕੇ ਮੈਂ ਕੁਥਾਇ ਫਾਥਾ ਹਾਂ।" ਇਹ ਕਹਿ ਰਾਇ ਫੇਰ ਨੈਣ ਭਰ ਆਇਆ ਤੇ ਛਮਾਂ ਛਮ ਧਾਰਾ ਅੱਖਾਂ ਤੋਂ ਵਹਿ ਤੁਰੀ "ਦੇਖ ਕਾਲੂ ਤੂੰ ਹੋਸ਼ ਕਰ! ਸੰਭਲ!!"

ਕਾਲੂ— ਰਾਇ ਜੀ! ਆਪ ਵੱਡੇ ਹੋ ਤੇ ਮੈਂ ਆਪ ਦਾ ਕਾਰਦਾਰ ਹਾਂ, ਮੇਰਾ ਬੋਲਣਾ ਬਣਦਾ ਨਹੀਂ; ਪਰ ਦੇਖੋ ਨਾ ਜੀ! ਜਦ ਦੀ ਇਸ ਹੋਸ਼ ਸੰਭਾਲੀ ਹੈ, ਕਿੰਨੀ ਵੇਰੀ ਘਰ ਉਜਾੜਿਆ ਹੈਸੁ। ਹੁਣ ਦਾ ਹਾਲ ਸੁਣੋ:- ਮੈਂ ਵਣਜ ਕਰਨ ਲਈ ਘੱਲਿਆ ਸੀ, ਜਾਂਦੇ ਨੇ ਰਾਸ ਮੂੜੀ ਦੇ ਰੁਪੱਯੇ ਫਕੀਰਾਂ ਨੂੰ ਖੁਲਾ ਦਿਤੇ। ਜੇ ਕਦੇ ਕੁਛ ਖੱਟ ਕਮਾ ਲਿਆਉਂਦਾ, ਚਾਰ ਪੈਸੇ ਵਿਚੋਂ ਸਾਧਾਂ ਫਕੀਰਾਂ ਨੂੰ ਦੇ ਆਉਂਦਾ, ਮੈਂ ਕਾਹਨੂੰ ਧੁਖਦਾ, ਇਹ ਤਾਂ ਜਾਂਦੇ ਨੇ ਹੀ ਸਾਧਾਂ ਨੂੰ ਸਾਰੇ ਖੁਲਾ

ਦਿਤੇ। ਮੈਨੂੰ ਲੋਕੀਂ ਕਹਿੰਦੇ ਹਨ: 'ਲੋਭੀ ਹੈ, ਰੁਪੱਯਾਂ ਨੂੰ ਰੋਂਦਾ ਹੈ'। ਮੈਂ ਇਸ ਨੂੰ ਖਰੇ ਸੌਦੇ ਕਰਨ ਟੋਰਿਆ ਸੀ, ਫਕੀਰਾਂ ਨੂੰ ਵੰਡਣ ਤਾਂ ਨਹੀਂ ਟੋਰਿਆ ਸੀ? ਮੈਂ ਰੋਂਦਾ ਬੀ ਹਾਂ, ਪਰ ਮੈਂ ਤਾਂ ਸਹੇ ਨੂੰ ਨਹੀਂ ਰੋਂਦਾ ਪਹੇ ਨੂੰ ਰੋਂਦਾ ਹਾਂ। ਸਿਆਣਾ ਹੋਣ ਤੇ ਆਇਆ ਪਰ ਇਸ ਕਾਈ ਮੱਤ ਨਾ ਸਿੱਖੀ। ਉਮਰ ਕਿਵੇਂ ਲੰਘਸੀ, ਟੱਬਰ ਕਿਵੇਂ ਪਾਲਸੀ, ਘਰ ਕਿਵੇਂ ਟੋਰਸੀ, ਸੋ ਇਸ ਮੱਤ ਦੇਣ ਕਾਰਣ ਮੈਂ ਚੰਡਾਂ ਲਾਈਆਂ ਤਾਂ ਕੀ ਹੋਇਆ? ਮਾਪਿਆਂ ਦੀ ਮਾਰ ਪਿਆਰ ਹੁੰਦਾ ਹੈ। ਫੇਰ ਵੇਖੋ ਇਹ ਨੁਕਸਾਨ ਕਰਕੇ ਆਇਆ ਬਾਹਰ ਲੁਕ ਰਿਹਾ, ਸਾਨੂੰ ਪਤਾ ਬੀ ਨਹੀਂ ਲੱਗਾ, ਤੁਸੀਂ ਦੱਸੋ ਗੁੱਸਾ ਆਵੇ ਕਿ ਨਾ ਆਵੇ?

ਰਾਇ— ਕਾਲੂ! ਨਾ ਆਵੇ ਗੁੱਸਾ, ਪਰ ਨ ਆਵੇ, ਇਸ ਨੂਰ ਇਲਾਹੀ ਉਤੇ ਗੁੱਸਾ ਨਾ ਆਵੇ, ਜਦ ਆਵੇ ਪਿਆਰ ਆਵੇ (ਫੇਰ ਰੋ ਪਿਆ)। ਅਸਾਂ ਤਾਂ ਅਜ਼ਮਤਾਂ ਵੇਖਕੇ ਨਿਸ਼ਾ ਹੋ ਰਹੇ ਹਾਂ ਜੋ ਨਾਨਕ ਖ਼ੁਦਾਇ ਦਾ ਘੱਲਿਆ ਆਇਆ ਹੈ। ਇਹ ਕਾਈ ਸ਼ੈ ਹਈ, ਕਾਲੂ! ਜੋ ਤੂੰ ਆਖਦਾ ਹੈਂ ਕਿ ਇਸ ਨੂੰ ਕਾਈ ਨਫੇਵੰਦਾ ਖਰਾ ਖਰਾ ਸੌਦਾ ਕਰਨ ਟੋਰਿਆ ਆਹਾ ਤਾਂ ਸੋਚ ਇਸ ਕੇ ਵਿਗਾੜ ਕੀਤਾ? ਇਸ ਤੋਂ ਖਰਾ ਸੌਦਾ ਹੋਰ ਕੇ ਆਹਾ, ਜੋ ਨਾਨਕ ਕੀਤਾ। ਖ਼ੁਦਾਇ ਦੇ ਸੱਤਾਂ ਦਿਨਾਂ ਦੇ ਭੁੱਖਿਆਂ ਬੰਦਿਆਂ ਨੂੰ ਖੁਲਾਇਆ 'ਦਹ ਦੁਨੀਆ ਸੱਤਰ ਆਖਰ' ਏਸੇ ਸੱਚੇ ਸੌਦੇ ਵਿਚ ਹੁੰਦੇ ਜਾਣ। ਈਹੋ ਖਰਾ ਸੌਦਾ ਆਹਾ, ਜੋ ਨਾਨਕ ਕੀਤਾ। *

ਹੁਣ ਰਾਇ ਨੇ ਆਪਣੀ ਰਾਣੀ ਖੋਖਰਾਂ ਤੋਂ ਦਾਸੀ ਘੱਲ ਕੇ ਰੁਪੱਯੇ ਅਣਵਾਏ ਤੇ ਕਾਲੂ ਦੇ ਅੱਗੇ ਧਰਕੇ ਆਖਿਆ, ਇਹ ਲਓ ਰੁਪੱਯੇ, ਜਿਨ੍ਹਾਂ ਪਿੱਛੇ ਹੇ ਕਾਲੂ! ਤੂੰ ਸਾਡੀ ਨਗਰੀ ਵਿਚ ਉਪੱਦਰ ਨਾਲ ਨੇਹੁੰ ਜੋੜਿਆ। ਇਸ ਵੇਲੇ ਕਾਲੂ ਜੀ ਨੂੰ ਸ਼ਰਮ ਆਈ, ਅੱਖਾਂ ਮੀਟ ਲਈਆਂ, ਕ੍ਰੋਧ ਲਹਿ ਚੁੱਕਾ ਸੀ, ਕੁਛ ਰਾਇ ਦੇ ਸ੍ਰੀ ਨਾਨਕ ਜੀ ਨੂੰ ਵਲੀ ਪਿਕਾਮਰ ਕਹਿਣ ਤੋਂ ਸੋਚ ਰਿਹਾ ਸੀ, ਨੈਣ ਮੀਟਣ ਮਗਰੋਂ ਕੁਛ ਚੁੱਪ ਹੁੰਦਾ ਜੁੜ ਜਿਹਾ ਗਿਆ। ਇਸ ਧਿਆਨ ਵਿਚ ਫੇਰ ਉਹ ਸੁਪਨੇ ਵਾਲਾ ਝਲਕਾ ਲੰਘਿਆ ਜੋ ਆਪਣੇ ਤਪ ਕਰਨ ਦਾ ਡਿੱਠਾ ਸੀ ਤੇ ਐਉਂ ਕੁਛ ਭਾਸਿਆ ਕਿ ਮਾਨੋਂ ਰਾਇ ਉਹ ਸਾਧੂ ਹੋ ਆਇਆ ਹੈ, ਜੋ ਉਸ

* ਚੂੜ੍ਹਕਣਾ ਪਿੰਡ ਹੁਣ ਤਕ ਹੈ, ਉਸ ਥਾਵੇਂ ਜਿਥੇ ਸਤਿਗੁਰਾਂ ਨੇ ਸਾਧੂਆਂ ਨੂੰ ਭੋਜਨ ਛਕਾਇਆ ਸੀ ਤੇ ਆਪ ਬੈਠੇ ਸਨ, ਯਾਦਗਾਰ ਵਿਚ ਹੁਣ ਤਕ ਗੁਰਦਵਾਰਾ ਹੈ, ਤੇ ਉਸ ਦਾ ਨਾਉਂ ਬੀ ਹੁਣ ਤੱਕ 'ਖਰਾ ਸੌਦਾ' ਹੈ।

ਵੇਲੇ ਇਸ ਨੂੰ ਸਿਖਯਾਦਾਤਾ ਹੋ ਕੇ ਸਿਖਯਾ ਦੇਂਦਾ ਸੀ ਕਿ ਭਗਤੀ ਕਰਨੀ ਉਚਿਤ ਹੈ ਤੇ ਜਿਸ ਆਖਿਆ ਸੀ ਕਿ ਅੱਛਾ ਤੂੰ ਕਰ ਨਾ ਕਰ, ਮੈਂ ਤਾਂ ਤਪ ਛੋੜ ਭਗਤੀ ਕਰੇਸਾਂ। ਸੋ ਕਾਲੂ ਜੀ ਨੂੰ ਝਾਉਲਾ ਲੰਘਿਆ ਕਿ ਹੋਵੇ ਨਾ ਤਾਂ ਇਹ ਭਗਤੀ ਕਰਕੇ ਪਛਾਣ ਵਿਚ ਆਇਆ ਹੈ ਤੇ ਮੈਂ ਨਿਰੇ ਵਿਹਾਰਕਾਂ ਵਰਗੇ ਮੋਹ ਵਿਚ ਹਾਂ, ਤਦੇ ਮੈਨੂੰ ਸਿਆਣ ਨਹੀਂ ਤੇ ਇਹ ਸਿਆਣਦਾ ਹੈ। ਇਹ ਝਾਂਵਲਾ ਕਾਲੂ ਨੂੰ ਅੱਖ ਦੇ ਫੋਰ ਵਿਚ ਲੰਘ ਗਿਆ। ਨੈਣ ਖੁੱਲ੍ਹ ਗਏ ਤਾਂ ਰਾਇ ਬੁਲਾਰ ਦਾ ਹੁਜਰਾ ਹੈ ਤੇ ਦਸ ਸਰੀਰ ਬੈਠੇ ਹਨ ਤੇ ਉਸ ਨੂੰ ਸਾਰੇ ਮਾੜਾ ਸਮਝ ਰਹੇ ਹਨ। ਕਾਲੂ ਜੀ ਨੇ ਝਲਕਾ ਡਿੱਠਾ ਪਰ ਹੇ ਭਗਵਾਨ! ਤੇਰੀ ਪਰਬਲ ਮਾਇਆ! ਫੇਰ ਮਾਇਆ ਪੈ ਗਈ, ਇਹ ਨਾਨਕ ਕਿੱਥੋਂ ਰੱਬ ਦਾ ਰੂਪ ਹੋ ਸਕਦਾ ਹੈ ਜੋ ਕਹਿੰਦਾ ਹੈ ਉਹ ਬੀ ਨਹੀਂ ਕਮਾਉਂਦਾ? ਕਹਿ ਗਿਆ ਸੀ ਵਿਗਾੜ ਨਾ ਕਰਸਾਂ, ਫੇਰ ਕਰ ਆਇਆ ਹੈ। ਏਸ ਫੁਰਨੇ ਤੇ ਸਾਕਾਦਾਰੀ ਦੇ ਫੁਰਨੇ ਨੇ, ਕਾਲੂ ਜੀ ਦੀ ਉਸ ਜਾਚ ਵਿਚ ਤੁਲ ਰਹੀ 'ਨਾਨਕ ਦੀ ਨਵੀਂ ਨਲੈਕੀ ਦੇ ਫੁਰਨੇ ਨੇ' ਨਾ ਦਿੱਸਣ ਦਿੱਤਾ ਸੱਚ, ਪਰ ਨਾ ਦਿੱਸਨ ਦਿਤਾ ਸੱਚ। ਹਾਂ, ਪਰ ਇਕ ਗੱਲ ਦਿੱਸੇ ਕਿ ਮੈਂ ਰਾਇ ਦੇ ਦਰਬਾਰ ਲੋਕਾਂ ਨਾਲ ਸਫ ਉੱਤੇ ਬੈਠਾ ਹਾਂ, ਪਰ ਮੇਰਾ ਹੀ ਪੁੱਤ, ਕਿਸੇ ਕਾਰ ਨਾ ਜੋਗਾ ਪੁੱਤ, ਰਾਇ ਨੇ ਪਲੰਘ ਦੇ ਸਿਰ੍ਹਾਣੇ ਬਿਠਾਇਆ ਹੈ ਤੇ ਆਪ ਦਾਵਣ ਓਰ ਬੈਠਾ ਹੈ। ਇਹ ਗਲ ਕੋਈ ਉਸ ਨੂੰ ਫੁਰ ਆਈ ਕਿ ਪੁਤ ਦੀ ਵਡਿੱਤ ਦੀ ਹੈ। ਪਰ ਫੇਰ ਮਾਇਆ ਆ ਪਈ ਕਿ ਨਹੀਂ, ਰਾਇ ਕੂਲੇ ਦਿਲ ਵਾਲਾ ਹੈ ਤੇ ਐਵੇਂ ਅਜ਼ਮਤਾਂ ਵਾਲਾ ਸਮਝ ਕੇ ਵਹਿਮੀ ਹੋ ਰਿਹਾ ਹੈ। ਐਉਂ ਕਾਲੂ ਜੀ ਦੇ ਮਨ ਤੇ ਪਰਦਾ ਪਿਆ ਰਿਹਾ।

ਮਹਿਤਾ ਕਾਲੂ ਜੀ ਨੇ ਰੁਪੱਯੇ ਲੈਣੋਂ ਨਾਂਹ ਕੀਤੀ। ਰਾਇ ਨੇ ਕਿਹਾ, 'ਨਾਨਕ ਤੇਰਾ ਪੁੱਤ ਹੈ ਤੇ ਇਹ ਅਸਾਂ ਇਸ ਦਾ ਕਰਜ਼ਾ ਦੇਣਾ ਹੈ, ਤੂੰ ਲੈ ਲੈ'। ਤਦ ਕਾਲੂ ਹੱਸ ਕੇ ਆਖਿਆ: 'ਇਸ ਤਾਂ ਗੁਆਉਣਾ ਜਾਤਾ ਹੈ, ਕਦੇ ਖੱਟਣ ਦੀ ਜਾਚ ਹੀ ਨਾ ਸਿੱਖੀ, ਤੁਸਾਂ ਇਸ ਤੋਂ ਕਦ ਉਧਾਰ ਲੀਤਾ ਸੀ?' ਤਾਂ ਰਾਇ ਫੇਰ ਪਿਆਰ ਤੇ ਅਦਬ ਨਾਲ ਭਰ ਆਇਆ ਤੇ ਬੋਲਿਆ:-

**ਸੁਨ ਕਾਲੂ ਤੁਝ ਕੋ ਸੁਧ ਨਾਹੀਂ, ਮਾਇਆ ਜਿਤੀ ਪਿਖੀਹਂ ਜਗ ਮਾਹੀ,**
**ਸਭ ਵਰਤਹਿ ਨਾਨਕ ਅਨੁਸਾਰੀ, ਪਤਿ ਰਜ਼ਾਇ ਜਿਉ ਪਤਿਬ੍ਰਤ ਨਾਰੀ।**
**ਸੰਪਤ ਸਰਬ ਤੁਰੰਗ ਮਤੰਗਾ, ਸਜੰਦਨ ਔ ਸੁਖਪਾਲ ਸੁਰੰਗਾ,**
**ਔਰ ਜਿ ਮੁਝ ਘਰ ਸਭ ਵਡਿਆਈ, ਕਮਲ ਨੈਨ ਕਰੁਨਾ ਤੇ ਪਾਈ।**

(ਨਾ: ਪ੍ਰਕਾਸ਼)

 www.sikhbookclub.com

ਕਾਲੂ ਇਹ ਸੁਣ ਕੇ ਮੁਸਕ੍ਰਾਇਆ, ਉਹ ਮੁਸਕ੍ਰਾਹਟ ਜੋ ਜਗਤ ਨੂੰ ਸਦਾ ਤੋਂ ਆਉਂਦੀ ਹੈ। ਹਾਂ, ਪ੍ਰਤੀਤ ਤੇ ਭਰੋਸੇ ਨੂੰ ਜਗਤ ਮਖੌਲ ਦੀ ਮੁਸਕ੍ਰਾਹਟ ਨਾਲ ਵੇਖਦਾ ਹੈ। ਧਨ ਸੱਚ, ਪਦਾਰਥ ਸੱਚ, ਮਾਲ ਸੱਚ, ਇੱਜ਼ਤ ਸੱਚ, ਹੁੱਦੇ ਸੱਚ, ਮਨਸਬ ਸੱਚ, ਲੋਕਾਚਾਰੀ ਸੱਚ, ਪਰ ਸਿਦਕ ਤੇ ਭਰੋਸਾ ਤਨਜ਼ ਵਾਲੀ ਮੁਸਕ੍ਰਾਹਟ ਦਾ ਹੱਕਦਾਰ!!!

ਕਾਲੂ ਨੂੰ ਸੋਝੀ ਨਹੀਂ ਪਾਈ, ਤਦ ਅਸਾਂ ਬੀ ਨਹੀਂ ਪਾਈ। ਓਹੋ ਹਨੇਰਾ ਬਾਬੇ ਕਾਲੂ ਵਾਲਾ, ਜਿਸ ਨੂੰ ਅੰਤ ਜਗਤ ਨਾਥ ਨੇ ਕੱਟਿਆ ਸੀ, ਸਾਡੇ ਮਨਾਂ ਤੇ ਬੀ ਪਿਆ ਹੈ। ਆਓ ਇਸ ਨੂੰ ਕੱਟੀਏ ਤੇ ਰਾਇ ਬੁਲਾਰ ਦੇ ਨੈਣ ਸਾਈਂ ਤੋਂ ਮੰਗੀਏ, ਜੋ ਅਸੀਂ ਸੱਚ ਵੇਖ ਕੇ ਘਾਬਰੀਏ ਨਾ, ਸਾਵਧਾਨ ਰਹੀਏ ਤੇ ਸੱਚ ਪਛਾਣੀਏਂ।

ਦੇਹ ਦਾਤਾ ਓਹ ਨੈਣ ਸਾਨੂੰ, ਓਹ ਤੈਨੂੰ ਤੇ ਤੇਰੇ ਪਿਆਰਿਆਂ ਨੂੰ ਪਛਾਣਨ ਵਾਲੇ ਨੈਣ!

ਅੱਜ
ਹਾਂ, ਅੱਜ ਤੇਰਾ ਗੁਰਪੁਰਬ ਹੈ
ਹੇ ਦਾਤੇ!
ਅੱਜ ਦੇਹ ਸਾਨੂੰ ਰਾਇ ਬੁਲਾਰ ਵਰਗੇ ਨੈਣ!

ਕਾਲੂ ਦੇ ਨੈਣ ਕਾਲੂ ਦੇ ਨਹੀਂ, ਇਹ ਜਗਤ ਦੇ ਨੈਣ ਹਨ, ਇਹਨਾਂ ਨੈਣਾਂ ਨੇ ਕਾਲੀ ਰਾਤ ਪਾ ਛੱਡੀ ਹੈ। ਜਗਤ ਨੇ ਸਦਾ ਇਹਨਾਂ ਨੈਣਾਂ ਨਾਲ ਤੱਕਿਆ ਤੇ ਸਦਾ ਅਰਸ਼ੀ ਸੁਖ ਤੋਂ ਵਾਂਞਿਆਂ ਰਿਹਾ, ਪਰ ਓਹ ਰਾਇ ਵਾਲੇ ਨੈਣ ਦਾਤ ਹਨ ਦਾਤੇ ਦੀ; ਇਹਨਾਂ ਨੈਣਾਂ ਨਾਲ ਸੱਚ ਦਿਸਦਾ ਹੈ, ਪਜਾਰਾ ਦਿਸਦਾ ਹੈ, ਆਪਾ ਦਿਸਦਾ ਹੈ, ਆਰ ਪਾਰ ਦਿਸਦਾ ਹੈ;

ਤਾਂ ਤੇ ਹੇ ਦਾਤੇ!
ਦੇਹ ਓਹ ਨੈਣ, ਦਾਨ ਕਰ ਸਾਨੂੰ ਓਹ ਨੈਣ ਜੋ ਅਸੀਂ
ਬੀ ਦੇਖੀਏ ਤੈਨੂੰ ਜਿਵੇਂ ਡਿੱਠਾ ਸੀ
ਤੈਨੂੰ
ਰਾਇ ਬੁਲਾਰ ਨੇ!

-: ਇਤਿ :-

# ਸੇਵ ਕਮਾਈ

# ਉਥਾਨਕਾ

ਭਾਈ ਮਨੋਰਾਜ ਸਿੰਘ ਬੜੇ ਸੱਜਣ ਪੁਰਸ਼ ਹਨ, ਕਿਸੇ ਦਾ ਬੁਰਾ ਨਹੀਂ ਚਿਤਵਦੇ ਪਰ ਆਪਣੇ ਰੰਗ ਵਿਚ ਹੱਸਦੇ ਰੋਂਦੇ ਦਿਨ ਗੁਜ਼ਾਰਦੇ ਹਨ। ਐਤਕੀਂ ਮਸੂਰੀ ਜਾਂਦੇ ਹੋਏ ਇਹ ਮੇਰੇ ਕੋਲ ਕੁਝ ਦਿਨ ਠਹਿਰੇ। ਇਕ ਦਿਨ ਸਵੇਰ ਸਾਰ ਇਨ੍ਹਾਂ ਆਪਣੀ ਹੱਡ ਬੀਤੀ ਸ਼ੁਰੂ ਕੀਤੀ ਤੇ ਦੱਸਣ ਲੱਗੇ ਕਿ ਕਿਸ ਤਰ੍ਹਾਂ ਹਿੰਦੂ ਘਰ ਵਿਚ ਇਹ ਜਨਮ ਤੋਂ ਹੀ ਸਿੱਖ ਪੈਦਾ ਹੋਏ। ਪਤਾ ਲਗਾ ਕਿ ਮਾਪਿਆਂ ਦੇ ਔਲਾਦ ਨਾ ਹੋਣ ਸਬਬ, ਪੁੱਤਰ ਨੂੰ ਸਿੱਖ ਬਣਾਉਣ ਦੀ ਸੁੱਖਣਾ ਨਾਲ ਪੈਦਾਇਸ਼ ਹੋਣ ਦੇ ਕਾਰਨ ਇਹ ਜਮਾਂਦਰੂ ਸਿੱਖ ਸਨ। ਮਨੋਰਾਜ ਸਿੰਘ ਨੇ ਫੇਰ ਕਿਹਾ, "ਮੈਂ ਅਪਣੀ ਜੀਵਨੀ ਲਿਖੀ ਹੈ, ਜੇ ਇਸਨੂੰ ਤੁਸੀਂ ਕੁਝ ਠੀਕ ਠਾਕ ਕਰ ਦਿਓ ਤਾਂ ਇਹ ਛਪਣ ਜੋਗੀ ਹੋ ਜਾਏ। ਮੇਰੇ ਉਤਰ ਨੂੰ ਉਡੀਕਣ ਤੋਂ ਪਹਿਲੇ ਹੀ ਉਸਨੇ ਅਪਣੇ ਝੋਲੇ ਵਿਚੋਂ ਪੁਲੰਦਾ ਕਢਿਆ। ਫੁਲਿਆ ਹੋਇਆ ਕਾਗਜ਼ਾਂ ਦਾ ਪੁਲੰਦਾ ਦੇਖਕੇ ਮੈਂ ਸਹਿਮ ਗਿਆ। ਉਹਨਾਂ ਖੋਲ੍ਹਦਿਆਂ ਹੀ ਪੜ੍ਹਨਾ ਸ਼ੁਰੂ ਕੀਤਾ:- "ਮੇਰੇ ਮਾਪੇ ਸਨਾਤਨੀ ਹਿੰਦੂ ਸਨ। ਮੇਰੇ ਪਿਤਾ ਕਾਂਸ਼ੀ ਨਾਥ ਜੀ ਵਜੀਰਾਬਾਦ ਦੇ ਰਹਿਣ ਵਾਲੇ ਸਨ ਤੇ ਮਾਤਾ ਕੁੰਜਾਹ ਦੀ ਸੀ। ਮੇਰਾ ਚਾਚਾ ਤੀਰਥ ਰਾਮ ਬੜਾ ਸੰਤ ਸੇਵੀ ਸੀ ਤੇ ਉਹ ਉਦਾਸੀ ਬਾਵੇ ਮਹੰਤ ਊਧ ਦਾਸ ਦਾ ਚੇਲਾ ਸੀ। ਮੇਰੀ ਚਾਚੀ ਲਾਹੌਰ ਵਿਚ ਚਿੜੀ ਮਾਰਾਂ ਦੇ ਮਹੱਲੇ ਦੇ ਚੌਧਰੀ ਸ੍ਰੀ ਚੰਡੀ ਪ੍ਰਸ਼ਾਦ...।" ਮੈਂ ਟੋਕ ਦਿਤਾ, ਤੇ ਕਿਹਾ ਕਿ ਤੁਹਾਡੀ ਜੀਵਨੀ ਤਾਂ 'ਕਥਾ ਸਾਗਰ' ਹੈ। ਐਸ ਵੇਲੇ ਇਸ ਨੂੰ ਰਹਿਣ ਦਿਓ, ਰਾਤੀਂ ਫੁਰਸਤ ਵਕਤ ਦੇਖਾਂਗੇ। ਅੱਧੀ ਰਾਤ ਵੇਲੇ ਮੈਂ ਸਾਰੇ ਕਾਗਜ਼ਾਂ ਉਪਰ ਨਜ਼ਰ ਮਾਰੀ। ਰਾਜੇ ਰਸਾਲੂ ਤੋਂ ਲੈ ਕੇ ਹੁਣ ਤਕ ਦੀ ਬੰਸਾਵਲੀ, ਭੂਮਿਕਾ ਵਿਚ ਦਿਤੀ ਹੋਈ ਸੀ। ਇਸ ਬੰਸ ਬ੍ਰਿਛ ਵਿਚੋਂ ਹੀ ਉਨ੍ਹਾਂ ਅਪਣੀ ਕੁਲ ਦੀ ਸਾਖ ਕੱਢੀ ਸੀ। ਸਾਰੀ ਪੁਸਤਕ ਵਿਚੋਂ ਤੀਜਾ ਅਧਿਆਏ ਸਿਖਜਾਦਾਇਕ ਪ੍ਰਤੀਤ ਹੋਇਆ। ਅਗਲੇ ਦਿਨ ਮੈਂ ਮਨੋਰਾਜ ਸਿੰਘ ਕੋਲੋਂ ਇਸ ਅਧਿਆਏ ਦੀ ਨਕਲ ਕਰਵਾ ਲਈ। ਭਾਈ ਮਨੋਰਾਜ ਸਿੰਘ ਜਦੋਂ ਮਸੂਰੀ ਤੋਂ ਮੁੜਿਆ ਤਾਂ ਮੈਂ ਤੀਜੇ ਅਧਿਆਏ ਨੂੰ

ਠੀਕ ਕਰ ਰਖਿਆ ਸੀ। ਇਸ ਨੂੰ ਠੀਕ ਕਰਨਾ ਇਕ ਦਰਜ਼ੀਪੁਣੇ ਦਾ ਕੰਮ ਸੀ, ਕੁਝ ਐਸ ਤਰ੍ਹਾਂ ਦਾ ਜਿਸ ਤਰ੍ਹਾਂ ਦਾ ਕਿ ਪੁਰਾਣੇ ਚੋਗੇ ਤੋਂ ਇਕ ਨਵੀਂ ਤਰ੍ਹਾਂ ਦਾ ਫਿੱਟ ਕੋਟ ਬਣਾਉਂਣਾ ਪੈਂਦਾ ਹੈ। ਇਸ ਉਧੇੜਨ, ਵੇਤਰਨ ਤੇ ਬਖੀਏ ਟਾਂਕਣ ਵਿੱਚ ਤੀਜੇ ਅਧਿਆਏ ਦੇ 14 ਕਾਂਡ ਹੋ ਗਏ। 15ਵਾਂ ਕਾਂਡ ਹੁਣ ਮੇਰੇ ਕਹਿਣ ਉਪਰ ਮਨੋਰਾਜ ਸਿੰਘ ਨੇ ਨਵਾਂ ਲਿਖ ਦਿਤਾ ਸੀ। ਇਸ ਤਰ੍ਹਾਂ 15 ਕਾਂਡਾਂ ਵਿਚ ਮੁਕੰਮਲ ਮਜ਼ਮੂਨ; ਜਿਸ ਦਾ ਨਾਂ 'ਸੇਵ ਕਮਾਈ' ਹੈ ਪਾਠਕਾਂ ਦੀ ਭੇਟਾ ਹੈ। ਜਿਨ੍ਹਾਂ ਪਾਠਕਾਂ ਨੂੰ ਇਸ ਮਜ਼ਮੂਨ ਦੀ ਗੰਭੀਰ ਵੀਚਾਰ ਦਾ ਅਵਸਰ ਮਿਲ ਜਾਏ, ਉਹਨਾਂ ਨੂੰ ਪਰਤੱਖ ਹੋ ਜਾਏਗਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਸੇਵਾ ਸਿਧਾਂਤ ਵਿਚ ਕੀ ਖ਼ੂਬਸੂਰਤੀ ਹੈ। ਇਹ ਵੀ ਪਰਗਟ ਹੋ ਜਾਏਗਾ ਕਿ ਗੁਰਮਤਿ ਦੇ ਪ੍ਰੇਮ ਸੇਵਾ ਦੇ ਆਦਰਸ਼ ਨੂੰ ਧਾਰਨ ਨਾਲ ਜੋ 'ਸਮਦ੍ਰਿਸ਼ਟੀ' ਪੈਦਾ ਹੁੰਦੀ ਹੈ ਉਹ ਵੇਦਾਂਤ ਦੀ ਸਮਦ੍ਰਿਸ਼ਟੀ ਕੋਲੋਂ ਕਿਸ ਤਰ੍ਹਾਂ ਵਿਲੱਖਣ ਹੈ। ਇਹ ਵੀ ਗੱਲ ਸਹੀ ਹੋ ਜਾਏਗੀ ਕਿ ਸਿੱਖ ਸੰਤਾਂ ਨੇ ਸੇਵਾ ਨੂੰ ਕੇਵਲ ਇਖ਼ਲਾਕੀ ਪਹਿਲੂ ਤੋਂ ਹੀ ਨਹੀਂ ਗ੍ਰਹਿਣ ਕੀਤਾ ਸਗੋਂ ਇਸ ਨੂੰ ਅਪਣੇ ਨਿਜੀ ਧਜਾਨੀ ਜੀਵਨ ਤੋਂ ਇਕ ਅਤਿਜ਼ਰੂਰੀ ਦਾਰਸ਼ਨਿਕ ਥੁੜ ਨੂੰ ਪੂਰਾ ਕਰਨਹਾਰਾ ਅਧਜਾਤਮਿਕ ਅੰਗ ਸਮਝਕੇ ਅਮਲੀ ਵਰਤੋਂ ਵਿਚ ਲਿਆਂਦਾ ਹੈ। ਇਨ੍ਹਾਂ ਨੁਕਤਿਆਂ ਉਪਰ ਰੌਸ਼ਨੀ ਪਾਉਂਦਾ ਹੋਇਆ ਇਹ ਮਜ਼ਮੂਨ ਇਕ ਝਾਕੀ ਹੈ ਉਹਨਾਂ ਬੰਦਿਆਂ ਦੇ ਕਰਣੀ ਕਰਤੱਵ ਦੀ, ਜਿਨ੍ਹਾਂ ਆਪਣੀਆਂ ਜ਼ਿੰਦਗੀਆਂ ਨਿਛਾਵਰ ਕੀਤੀਆਂ ਇਸ ਅਸੂਲ ਦੀ ਧਾਰਨਾ ਵਿਚ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਅਗੇ ਰੱਖਿਆ ਸੀ:-

**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥**

(ਸਿਰੀ ਰਾਗ ਮ:੧)

# ਸੇਵ ਕਮਾਈ

## 1.

**ਹਰਦ੍ਵਾਰ** ਤੋਂ ਰਿਖੀਕੇਸ਼ ਵਲ ਸੜਕੋ ਸੜਕ ਚਲੀਏ ਤਾਂ ਰਾਹ ਵਿਚ ਇਕ ਘਨਾ ਜੰਗਲ ਪੈਂਦਾ ਹੈ ਜਿਸ ਨੂੰ 'ਮੋਤੀ ਚੂਰ' ਦਾ ਬਨ ਕਹਿੰਦੇ ਹਨ। ਇਹ ਜੰਗਲ ਪਾਰ ਕਰਦਿਆਂ ਹੀ ਇਕ ਨਦੀ ਆਉਂਦੀ ਹੈ ਜਿਸ ਦਾ ਨਾਮ 'ਸਸੂਆ' ਹੈ। ਇਸ ਉਪਰ ਇਕ ਤੰਗ ਜੇਹਾ ਪੁਲ ਹੈ। ਪੁਲ ਤੋਂ ਹੇਠਾਂ ਉਤਰ ਜਾਓ ਤਾਂ ਨਿਰਮਲ ਜਲ ਦੀ ਧਾਰਾ ਲਗਾਤਾਰ ਵਹਿ ਰਹੀ ਮਿਲਦੀ ਹੈ।

ਇਕ ਦਿਨ ਕੀ ਹੋਇਆ ਕਿ ਮੈਂ ਸਸੂਆ ਦੇ ਕੰਢੇ ਕੰਢੇ ਦੱਖਣ ਰੁਖ ਚਲਦਾ ਚਲਦਾ ਚਲਾ ਗਿਆ। ਅਗੇ ਕੀ ਦੇਖਿਆ ਕਿ ਪਾਣੀ ਦੇ ਵਿਚਕਾਰ ਇਕ ਬਰੇਤੀ ਹੈ। ਇਸ ਟਿਕਾਣੇ ਨਦੀ ਦੇ ਦੋ ਨਾਲੇ ਬਣ ਗਏ ਹਨ ਜੋ ਬਰੇਤੀ ਦੇ ਸੱਜੇ ਖੱਬੇ ਵਲੇਵਾਂ ਪਾਕੇ ਚਲ ਰਹੇ ਹਨ। ਬਰੇਤੀ ਵਿਚਕਾਰ ਇਕ ਉਚਾ ਟਿੱਬਾ ਸੀ। ਉਸ ਉਪਰ ਛੋਟੇ ਵੱਡੇ ਪੱਥਰ ਸਨ। ਹੁਣ ਲੌਢਾ ਵੇਲਾ ਸੀ, ਢਲਦੇ ਸੂਰਜ ਦੀਆਂ ਕਿਰਣਾਂ ਤਿਰਛੀਆਂ ਪੈ ਰਹੀਆਂ ਸਨ। ਬਰੇਤੀ ਨਿਰਾਲੀ ਛਟਾ ਵਿਚ ਚਮਕ ਰਹੀ ਸੀ। ਪੀਲੀਆਂ ਕਿਰਣਾਂ ਜੰਗਲ ਦੀ ਹਰਿਆਲੀ ਵਿਚੋਂ ਛਣ ਕੇ ਕਈ ਪ੍ਰਕਾਰ ਦੇ ਵਰਣ ਧਾਰਨ ਕਰ ਰਹੀਆਂ ਸਨ। ਇਨ੍ਹਾਂ ਦੇ ਲਿਸ਼ਕਵੇ ਅਕਸ ਹੇਠ ਟਿਬੇ ਦੇ ਪੱਥ ਰੰਗ ਬਰੰਗੀ ਭੜਕ ਵਿਚ ਜਗ ਰਹੇ ਸਨ। ਬਰੇਤੀ ਵਲ ਪਿੱਠ ਕਰਕੇ ਜਦ ਮੈਂ ਮੁੜ ਕੰਢੇ ਵੱਲ ਤੱਕਿਆ ਤਾਂ ਨੇੜੇ ਹੀ ਇਕ ਫੂਸ ਦੀ ਝੌਂਪੜੀ ਦਿੱਸੀ, ਜਿਸਦੇ ਪਿਛਲੇ ਪਾਸੇ ਕਮਾਦ ਦੀ ਤਿਆਰ ਖੇਤੀ ਨਜ਼ਰ ਆਈ। ਗੰਨੇ ਦੇ ਲਾਲਚ ਨੇ ਮੈਨੂੰ ਆਪਣੇ ਵਲ ਖਿੱਚ ਲਿਆ, ਪਰ ਝੌਂਪੜੀ ਦੇ ਕੋਲੋਂ ਲੰਘਦਿਆਂ ਜ਼ਰਾ ਠਿਠੰਬਰ ਗਿਆ। ਇਕ ਅਧਖੜ ਇਸਤ੍ਰੀ ਚੌਕੜੀ ਮਾਰ ਕੇ ਬੈਠੀ ਹੋਈ ਸੀ। ਉਸ ਦੇ ਕੇਸ ਖੁੱਲ੍ਹੇ ਗਲੇ ਉਪਰ ਲਟਕ ਰਹੇ ਸਨ। ਉਸਦੇ ਨੈਣ **ਅਧਮੀਟੇ** ਸਨ। ਉਹ ਟਿੱਬੇ ਵਲ ਮੂੰਹ ਕਰਕੇ ਬੈਠੀ ਸੀ। ਮੈਂ ਵੀ ਹੈਰਾਨੀ ਦਾ ਸਾਹ ਰੋਕਕੇ ਦਮਬਖ਼ੁਦ ਜਿੱਥੇ ਸਾਂ ਖੜੋਤਾ ਰਹਿ ਗਿਆ। ਕੁਛ ਸਮਾਂ ਏਸ ਤਰ੍ਹਾਂ ਬੀਤ ਗਿਆ। ਪਿਛਲੇ ਪਾਸਿਓਂ ਪੈਰਾਂ ਦੀ ਆਹਟ ਆਈ,

 www.sikhbookclub.com

ਦੇਖਿਆ, ਇਕ ਆਦਮੀ ਨੇ ਆਕੇ ਕਮਾਦ ਦੀ ਪੰਡ ਸਿਰੋਂ ਲਾਹ ਕੇ ਝੌਂਪੜੀ ਦੇ ਲਾਗ ਸੁੱਟੀ ਹੈ। ਇਹ ਆਦਮੀ, ਜਿਸਦਾ ਨਾਮ ਪਿਛੋਂ ਪਤਾ ਲਗਾ ਕਿ 'ਧੰਨਾ ਸਿੰਘ' ਸੀ, ਕੋਈ ਢਲਵੀਂ ਉਮਰ ਦਾ ਸੀ। ਉਹ ਸਿਰ ਉਤੇ ਬੱਝਾ ਸਾਫਾ ਹੌਲੀ ਹੌਲੀ ਝਾੜਨ ਲਗ ਪਿਆ। ਮੇਰੇ ਵਲ ਤੱਕਕੇ, ਉਸਨੇ ਦੂਜੇ ਬੰਨੇ ਮੂੰਹ ਕਰਕੇ ਆਵਾਜ਼ ਦਿਤੀ:- "ਪਾਰੋ, ਪਾਰੋ! ਆਹ ਦੇਖ, ਕੌਣ ਆਏ ਨੇ, ਕੋਈ ਗੁਰੂ ਕੇ ਲਾਲ"।

ਆਵਾਜ਼ ਡਾਢੀ ਮਿਠੀ ਸੀ। "ਗੁਰੂ ਕੇ ਲਾਲ" ਕਹਿਣ ਨਾਲ ਸਾਰਾ ਪਰਾਇਆ-ਪਨ ਖ਼ਤਮ ਹੋ ਗਿਆ।

ਐਉਂ ਲਗਾ ਕਿ ਕਿਸੇ ਨੇ ਓਪਰਿਆਨ ਦੇ ਹਨੇਰੇ ਦੀ ਕਾਲਕ ਨਾਲ ਅਪਣੱਤ ਦੀ ਦੀਆ-ਸਲਾਈ ਘਸਾ ਦਿਤੀ ਹੈ। ਤੀਲੀ ਬਲ ਉਠੀ। ਸ਼ਰਮ ਦਾ ਹਨੇਰਾ ਹਟ ਗਿਆ। ਜਨਮ ਜਨਮਾਂਤਰਾਂ ਦੀ ਛਾਯਾ- ਮੂਰਤਾਂ ਏਸ ਤੀਲੀ ਦੇ ਸ਼ੁਅਲੇ ਦੀ ਸ਼ੁਆ ਹੇਠ ਪਛਾਣ ਵਿਚ ਸੰਜੀਵਤ ਹੋ ਉਠੀਆਂ। ਇਹ ਕੀਹ ਸੀ? ਕੋਈ ਸੁਪਨਾ ਸੀ? ਕੋਈ ਲਫਜ਼ਾਂ ਦੀ ਜਾਦੂਗਰੀ ਸੀ? ਕੋਈ ਸ਼ਬਦ ਦਾ ਇੰਦਰ ਜਾਲ ਸੀ? ਨਹੀਂ, ਇਹ ਕੋਈ ਹੋਰ ਚੀਜ਼ ਸੀ ਜੋ ਵਧੀਕ ਡੂੰਘੀ ਸੀ, ਇਸਦੀ ਚੋਟ ਜ਼ਿਆਦਾ ਗਹਿਰੀ ਸੀ। ਇਹ ਸਿਦਕ ਦਾ ਜੰਤ੍ਰ ਮੰਤ੍ਰ ਸੀ, ਇਹ ਮੁਹੱਬਤ ਦੀ ਬਾਜ਼ੀਗਰੀ ਸੀ। "ਗੁਰੂ ਕੇ ਲਾਲ" ਇਹ ਲਫਜ਼ ਨਿਰੇ ਮੂੰਹ ਦੇ ਬਚਨ ਨਹੀਂ ਸਨ। ਇਹ ਵਾਕ ਉਸਦੀਆਂ ਬਾਹਵਾਂ ਸਨ, ਉਸ ਆਦਮੀ ਦੀਆਂ ਪਿਆਰ ਭੁਜਾਂ, ਜਿਸਨੇ ਇਕ ਹੱਥ ਨਾਲ ਤਾਂ ਗੁਰੂ ਦਾ ਲੜ ਪਕੜਿਆ ਹੋਇਆ ਸੀ ਤੇ ਦੂਜੇ ਨਾਲ ਸਾਨੂੰ ਨਿੱਘੇ ਕਲਾਵੇ ਵਿਚ ਲੈ ਲਿਆ ਸੀ। ਇਕ ਸਾਨੀਏ ਵਿਚ ਗੁਰੂ ਕੇ ਲਾਲ ਹੋਣ ਦੀ ਰੱਤੀ ਸ਼ੁਆ ਇਕ ਝਮੱਕਾ ਦੇ ਗਈ।

ਪਾਰੋ ਆ ਗਈ, ਸਹਜ ਸਹਜ ਕਦਮ ਧਰਦੀ। ਉਹ ਕੁਛ ਕਹਿ ਰਹੀ ਸੀ। ਉਸਦੀ ਆਵਾਜ਼ ਹਲਕੀ ਸੀ ਪਰ ਤਰ ਗਲੇ ਵਿਚੋਂ ਪੋਲੇ ਪੋਲੇ, ਨਰਮ ਨਰਮ, ਲਫਜ਼ ਘਾਹ ਦੀਆਂ ਪੱਤੀਆਂ ਵਾਕੁਣ ਉਗਮ ਰਹੇ ਸਨ। ਉਹ ਕਹਿ ਰਹੀ ਸੀ, 'ਧੰਨ ਭਾਗ; ਧੰਨ ਭਾਗ'। ਇਹ ਕਹਿੰਦਿਆਂ ਹੀ ਉਹ ਬੈਠ ਗਈ ਪਰ ਉਸਦੀ ਅਧਮੀਟੀ ਨਜ਼ਰ ਉਸੇ ਟਿੱਬੇ ਦੇ ਰੁਖ਼ ਵੱਲ ਸੀ, ਜਿਸਦੀ ਭੜਕ ਹੁਣ ਐਸ ਤਰ੍ਹਾਂ ਉਚੀ ਹੋ ਰਹੀ ਸੀ ਜਿਸ ਤਰ੍ਹਾਂ ਬੁਝਣ ਲਗੇ ਦੀਵੇ ਦੀ ਲਾਟ ਅਖੀਰਲੇ ਸਾਹ ਦਾ ਲਿਸ਼ਕਾਰਾ ਮਾਰਦੀ ਹੈ।

ਸੂਰਜ ਇਕ ਦਮ ਡੁਬ ਗਿਆ। ਪਹਾੜਾਂ ਦੇ ਵਧਦੇ ਪਰਛਾਵੇਂ ਹੇਠ ਰੋਸ਼ਨੀ ਖਤਮ ਹੋ ਗਈ। ਜੰਗਲ ਦੇ ਦਰਖਤ ਕੱਦ ਵਿਚ ਜ਼ਿਆਦਾ ਉੱਚੇ ਉੱਚੇ ਹੋਕੇ ਦਿੱਸਣ ਲਗ ਪਏ। ਚਾਰੋਂ ਪਾਸੇ ਹਨੇਰਾ ਛਾ ਗਿਆ। ਇਹ ਕੀ ਹੋ ਗਿਆ ਤੇ ਕਿਸ ਤਰ੍ਹਾਂ ਹੋ ਗਿਆ ? ਸਨਿਗਧ ਮਿਲਾਪ ਦੇ ਵਾਯੂ ਮੰਡਲ ਵਿਚ ਸਹਿਮ ਦਾ ਪੜਦਾ ਛਾ ਗਿਆ। ਮੇਰੇ ਦਿਲ ਵਿਚ ਸ਼ੰਕਾ ਫੁਰ ਰਹੀ ਸੀ, ਵਾਪਸ ਘਰ ਕਿਸ ਤਰ੍ਹਾਂ ਪਹੁੰਚਾਂਗਾ, ਹਨੇਰੇ ਵਿਚ ਰਸਤਾ ਕਿਥੋਂ ਲਭੇਗਾ; ਜੰਗਲ ਦੇ ਜੀਅ ਜੰਤ ਕੋਲੋਂ ਕਿਸ ਤਰ੍ਹਾਂ ਬਚਾਂਗਾ ਤੇ ਜੇ ਨਾ ਗਿਆ ਤਾਂ ਘਰਦਿਆਂ ਦਾ ਕੀ ਹਾਲ ਹੋਵੇਗਾ ?

## 2.

**ਵਾਪਸ** ਜਾ ਸਕਣਾ ਅਸੰਭਵ ਸੀ। ਉਹ ਰਾਤ ਕਿਸ ਤਰ੍ਹਾਂ ਗੁਜ਼ਰੀ, ਇਹ ਦੱਸ ਸਕਣਾ ਜ਼ਰਾ ਕਠਨ ਹੈ। ਧੰਨਾ ਸਿੰਘ ਤਾਂ ਪਿਆਰ ਵਿਚ ਗੁੱਝਾ ਹੋਇਆ ਸੀ ਤੇ ਮਲੂਮ ਹੁੰਦਾ ਸੀ ਉਸ ਨੇ ਅੰਦਰੋਂ ਹੀ ਹੋਕੇ ਸਾਨੂੰ ਆਦਰ ਭਰੀ ਜੱਫੀ ਵਿਚ ਨਿੱਘਾ ਕੀਤਾ ਹੋਇਆ ਹੈ। ਪਾਰੋ ਸ਼ੁਕਰ ਦੀ ਠੰਢ ਵਿਚ ਸੀ ਤੇ ਉਸਦੀ ਸਹਿ ਸੁਭਾ ਖੁਸ਼ੀ ਉਪਰ ਆਉ ਭਗਤ ਦੇ ਚਾਉ ਦੀ ਪਰਫੁੱਲਤਾ ਦਾ ਰੰਗ ਚੜ੍ਹਿਆ ਹੋਇਆ ਸੀ, ਪਰ ਅਪਣੇ ਆਪ ਨੂੰ ਮੈਂ ਅਜੀਬ ਹਾਲਤ ਵਿਚ ਦੇਖਦਾ ਸਾਂ। ਕਦੇ ਮਿਲ ਰਹੇ ਪਿਆਰ ਵਲ ਤੱਕਕੇ ਇਕ ਪ੍ਰਸੰਨਤਾ ਦਾ ਸਾਹ ਲੈਂਦਾ ਸਾਂ, ਕਦੇ ਘਰ ਦਾ ਖਿਆਲ ਆਕੇ ਗਲ ਵਿਚ ਹੀ ਉਠ ਰਹੇ ਹੌਕੇ ਨੂੰ ਰੋਕ ਲੈਂਦਾ ਸਾਂ।

ਖਾਣਾ ਕੀ ਸੀ ? ਮੱਕੀ ਦੀ ਰੋਟੀ ਸੀ, ਤੋਰੀਏ ਦਾ ਸਾਗ ਸੀ। ਪੀਣ ਲਈ ਮੈਨੂੰ ਦਰਿਆ ਦੇ ਪਾਣੀ ਉਤੇ ਸ਼ੰਕਾ ਸੀ, ਪਰ ਖ਼ੈਰ, ਗੰਨੇ ਦੇ ਰਸ ਦਾ ਭਰਿਆ ਕਟੋਰਾ ਪੀ ਲੀਤਾ, ਜਿਸ ਨੇ ਕੁਛ ਚਿਰ ਲਈ ਐਸ ਤਰ੍ਹਾਂ ਦਾ ਅਸਰ ਕੀਤਾ ਜਿਸ ਤਰ੍ਹਾਂ ਕਿ ਸਾਰੇ ਆਸ ਅੰਦੇਸੇ ਇਕ ਸਰਦ ਸਰੋਵਰ ਵਿਚੋਂ ਟੁੱਭੀ ਲਾਕੇ ਸੀਤਲਤਾ ਵਿਚ ਨਿੱਸਲ ਹੋ ਗਏ ਹਨ। ਰਾਤ ਹਨੇਰੀ ਨਹੀਂ ਸੀ, ਪਰ ਕਾਫੀ ਦੇਰ ਲਗੀ ਚੰਦ ਨੂੰ ਦਰਖਤਾਂ ਤੋਂ ਇਤਨਾ ਉਪਰ ਹੁੰਦਿਆਂ ਕਿ ਚਾਨਣੇ ਦੀ ਜੋਤ ਦਿੱਸ ਸਕੇ। ਨਦੀ ਦੀ ਸ਼ਾਂ ਸ਼ਾਂ ਵਧ ਗਈ। ਧੰਨਾ ਸਿੰਘ ਤੇ ਪਾਰੋ ਤਾਂ ਇਕ ਮਚਾਨ ਉਪਰ ਬੈਠੇ ਹੋਏ ਸਨ, ਸੂਰਾਂ ਤੋਂ ਰਾਖੀ ਦੀ ਖ਼ਾਤਰ। ਝੁੱਗੀ ਵਿਚ ਮੈਂ ਇਕੱਲਾ ਹੀ ਸਾਂ। ਆਲਸ ਭਰੀ ਥੋੜ੍ਹੀ ਜੇਹੀ ਨੀਂਦ ਆਈ ਫੇਰ ਜਾਗ ਖੁਲ੍ਹ ਗਈ। ਝੁੱਗੀ ਦੇ ਬੂਹੇ ਵਿਚੋਂ, ਲੇਟਿਆਂ ਹੋਇਆਂ ਵੀ, ਬਰੇਤੀ ਦਿਸਦੀ ਸੀ। ਉਸਨੂੰ ਦੇਖਦਿਆਂ ਦੇਖਦਿਆਂ ਫੇਰ ਨੀਂਦ ਆ ਗਈ। ਫੇਰ ਐਉਂ ਲਗਾ ਕਿ ਨਦੀ ਵਿਚਲੀ ਬਰੇਤੀ ਉਪਰ ਕੋਈ ਮਨੁੱਖ ਬੈਠਾ ਹੈ। ਜਾਗਕੇ ਬਾਹਰ

ਆਇਆ, ਬਰੇਤੀ ਚੰਦ ਦੀਆਂ ਕਿਰਣਾਂ ਵਿਚ ਜਗਮਗ ਕਰ ਰਹੀ ਸੀ। ਪਰ ਕੋਈ ਮਨੁੱਖ ਨਹੀਂ ਸੀ। ਥੋੜੀ ਦੇਰ ਬਾਹਰ ਹੀ ਬੈਠਾ ਰਿਹਾ। ਬਰੇਤੀ ਦੇ ਪੱਥਰ ਚੰਦ ਦੀ ਜੋਤ ਵਿਚ ਹੀਰਿਆਂ ਦੇ ਟੁਕੜੇ ਲਗਦੇ ਸਨ। ਏਨੇ ਨੂੰ ਫੇਰ ਇਕ ਪਰਛਾਵਾਂ ਜੇਹਾ ਹਿਲਦਾ ਦਿਸਿਆ। ਆਪ-ਮੁਹਾਰੇ ਇਕ ਸਹਮ ਦੀ ਆਵਾਜ਼ ਨਾਲ ਮੇਰੇ ਮੂੰਹੋਂ ਨਿਕਲ ਗਿਆ, ਕੌਣ ਹੈ? ਪਰਤਵੀਂ ਆਵਾਜ਼ ਆਈ: 'ਬੇਟਾ ਡਰੋ ਮਤ, ਹਮ ਆਪ ਕੇ ਹੀ ਪਾਸ ਆ ਰਹੇ ਹੈਂ।

ਇਤਨੇ ਨੂੰ ਪਾਣੀ ਵਿਚੋਂ ਕਿਸੇ ਦੇ ਲੰਘਣ ਦੀ, ਘਰੜ ਘਰੜ ਦੀ, ਪੋਲੀ ਫੈਲਵੀਂ ਆਵਾਜ਼ ਆਈ। ਫੇਰ ਏਸ ਤਰ੍ਹਾਂ ਪ੍ਰਤੀਤ ਹੋਇਆ ਕਿ ਕੋਈ ਜਣਾ ਕੰਢੇ ਉਤੇ ਆਪਦੇ ਪਿੰਡੇ ਨੂੰ ਨਿਚੋੜ ਰਿਹਾ ਹੈ। ਫੇਰ ਇਕ ਮਨੁੱਖ, ਅੱਧਾ ਪਚੱਧਾ ਨੰਗਾ, ਮੇਰੇ ਕੋਲ ਆ ਖੜੋਤਾ ਤੇ ਕਹਿਣ ਲਗਾ- 'ਘਬਰਾਓ ਨਹੀਂ ਹਮ ਫਕੀਰ ਹੈਂ; ਹਮ ਗੁਰ ਨਾਨਕ ਕੇ ਨਾਮ ਲੇਵਾ ਹੈਂ। ਤੁਮ ਯਹਾਂ ਬੈਠੇ ਰਹੋ, ਹਮ ਅਭੀ ਆਤੇ ਹੈਂ।' ਇਹ ਕਹਿੰਦਿਆਂ ਹੀ ਉਹ ਝੌਂਪੜੀ ਵਲ ਤੁਰ ਪਿਆ; ਉਸ ਫੇਰ ਪਰਤ ਕੇ ਤੱਕਿਆ ਤੇ ਬੋਲਿਆ 'ਹਮ ਅਭੀ ਸਰਘੀ ਖਾ ਕਰ ਆਤੇ ਹੈਂ।'

ਸਰਘੀ ਦੇ ਲਫਜ਼ ਨੇ ਕੁਛ ਖਾਸ ਤਰ੍ਹਾਂ ਦਾ ਚੱਕਰ ਛੇੜ ਦਿੱਤਾ। ਅਗੇ ਹੀ ਮਨ ਵਿਚ ਇਕ ਸਹਿਮ ਦਾ ਹੜ੍ਹ ਚਲ ਰਿਹਾ ਸੀ, ਉਸ ਵਿਚ ਸਰਘੀ ਨੇ ਹੋਰ ਇਕ ਚਿੰਤਾ ਦਾ ਘੁੰਮਣਘੇਰ ਫੇਰ ਦਿਤਾ। ਕੀ ਇਹ ਆਦਮੀ ਮੁਸਲਮਾਨ ਹੈ? ਇਤਨਾ ਤੇ ਯਾਦ ਆ ਗਿਆ ਕਿ ਅਜ ਕਲ ਰੋਜ਼ੇ ਹਨ, ਪਰ ਏਸ ਸਿਖ ਘਰ ਵਿਚ ਮੁਸਲਮਾਨ ਦਾ ਸਰਘੀ ਖਾਣ ਜਾਣਾ, ਇਹ ਕੀ ਮਾਜਰਾ ਹੈ? ਦਿਮਾਗ਼ ਵਿਚ ਸੰਸਿਆਂ ਦਾ ਇਕ ਝੱਖੜ ਝੁਲ ਪਿਆ। ਬਰੇਤੀ ਦੇ ਚਮਕੀਲੇ ਪੱਥਰ ਹੋਰ ਤਰ੍ਹਾਂ ਦੇ ਮਨੋਵੇਗ ਦੇ ਚੱਕਰ ਛੇੜ ਰਹੇ ਸਨ। ਏਸ ਝਿਲਮਿਲ ਵਿਚ ਮਨ ਇਕ ਤੰਦ੍ਰਾ ਦੀ ਨੀਮ ਬੇਹੋਸ਼ੀ ਜੇਹੀ ਵਿਚ ਉਂਘਣ ਲਗ ਪਿਆ। ਪਿਛੋਂ ਦੀ ਕਿਸੇ ਨੇ ਆਕੇ ਮੋਢੇ ਉਤੇ ਹੱਥ ਰਖ ਦਿਤਾ, ਤੇ ਰਖਦਿਆਂ ਹੀ ਬੋਲਿਆ: 'ਹਮ ਸਰਘੀ ਖਾ ਆਏ'। ਮੈਂ ਕਿਹਾ: 'ਜੀ, ਮੈਂ ਸਮਝ ਗਿਆ ਹਾਂ ਕਿ ਤੁਸੀਂ ਕੋਈ ਮੁਸਲਮਾਨ ਫ਼ਕੀਰ ਹੋ ਔਰ ਪੂਰਬ ਦੇ ਰਹਿਣ ਵਾਲੇ ਹੋ, ਤੇ ਏਧਰ ਦੀ ਬੋਲੀ ਬੋਲਦੇ ਹੋ।' ਫ਼ਕੀਰ ਨੇ ਕਿਹਾ- ਨਹੀਂ ਜੀ ਤੁਸੀਂ ਠੀਕ ਨਹੀਂ ਸਮਝਿਆ, ਮੈਂ ਪੂਰਬੀਆ ਨਹੀਂ, ਮੈਂ ਪਠਾਣ ਹਾਂ, ਉਰਦੂ ਮੇਰੀ ਜ਼ਬਾਨ ਨਹੀਂ, ਪਸ਼ਤੋ ਮੇਰੀ ਮਾਦਰੀ ਜ਼ਬਾਨ ਹੈ, ਪਰ ਪੰਜਾਬੀਆਂ ਨਾਲ ਮੇਲ ਜੋਲ ਕਰਕੇ ਮੈਂ ਪੰਜਾਬੀ ਪੂਰੀ ਤਰ੍ਹਾਂ ਬੋਲ ਲੈਂਦਾ ਹਾਂ। ਬਾਕੀ ਰਿਹਾ ਸੁਆਲ ਮੇਰੇ ਮੁਸਲਮਾਨ ਹੋਣ ਦਾ, ਉਹ ਗੱਲ ਵੀ ਐਵੇਂ

ਕਿਵੇਂ ਹੋਰ ਤਰ੍ਹਾਂ ਦੀ ਹੈ। ਫ਼ਕੀਰ ਦਾ ਕੋਈ ਮਜ਼੍ਹਬ ਨਹੀਂ। ਨਾ ਉਹ ਹਿੰਦੂ ਹੈ, ਨਾ ਮੁਸਲਮਾਨ। ਫ਼ਕੀਰ ਸਿਰਫ਼ ਮੁਸਾਫ਼ਰ ਹੈ। ਮੁਸਾਫ਼ਰੀ ਵਿਚ ਕੋਈ ਮਜ਼੍ਹਬ ਨਹੀਂ ਨਿਭ ਸਕਦਾ। ਮੁਸਾਫ਼ਰ ਦਾ ਕੋਈ ਮਜ਼੍ਹਬ ਹੋ ਹੀ ਨਹੀਂ ਸਕਦਾ, ਉਸ ਦਾ ਕੇਵਲ ਪੰਧ ਹੈ। ਨਾ ਹੀ ਫਕੀਰ ਦਾ ਕੋਈ ਧਰਮ ਹੈ, ਉਸ ਦੀ ਕੇਵਲ ਧਾਰਨਾ ਹੈ। ਜੋ ਵੀ ਚੀਜ਼ ਉਸ ਨੇ ਧਾਰ ਲਈ ਉਹੋ ਹੀ ਉਸ ਦੀ ਧਾਰਨਾ ਹੈ। ਰੋਜ਼ਾ ਮੇਰੀ ਧਾਰਨਾ ਹੈ ਮੇਰਾ ਧਰਮ ਨਹੀਂ। ਮੇਰੇ ਵੱਡੇ ਵਡੇਰੇ ਰੋਜ਼ੇ ਰਖਦੇ ਸਨ ਉਨ੍ਹਾਂ ਦਾ ਧਰਮ ਸੀ, ਦੀਨ ਸੀ, ਈਮਾਨ ਸੀ; ਮੇਰੀ ਕੇਵਲ ਧਾਰਨਾ ਹੈ। ਇਸ ਤੋਂ ਵੱਧ ਨਹੀਂ। ਮੈਂ ਕਿਹਾ: "ਜੀ ਧਰਮ ਤੇ ਧਾਰਨਾ ਦੇ ਫਰਕ ਦੀ ਬਾਰੀਕੀ ਜ਼ਰਾ ਔਖੀ ਗੱਲ ਹੈ ਪਰ ਇਤਨੀ ਗੱਲ ਮੈਂ ਜਾਣ ਗਿਆ ਹਾਂ ਕਿ ਆਪਦੇ ਵਡੇ ਵਡੇਰੇ ਕੱਟੜ ਮੁਸਲਮਾਨ ਸਨ ਤੇ ਆਪਦੇ ਵਿਚ ਆਜ਼ਾਦ ਖਿਆਲੀ ਹੈ। ਫਕੀਰ ਹੱਸ ਪਿਆ, ਕਹਿਣ ਲਗਾ: 'ਇਹ ਵੀ ਗਲ ਠੀਕ ਨਹੀਂ। ਜਿਹੜਾ ਸਾਡਾ ਸਭ ਤੋਂ ਵਡਾ ਬਜ਼ੁਰਗ ਹੋਇਆ ਹੈ ਉਹ ਵੀ ਹੋਰ ਵਜ੍ਹਾ ਦਾ ਬੰਦਾ ਸੀ। ਉਸ ਦਾ ਨਾਮ ਮੁਗਲਖਾਂ ਸੀ ਪਰ ਉਹ ਮੁਗਲ ਨਹੀਂ ਸੀ, ਪਠਾਣ ਸੀ। ਨਾਮ ਦੇ ਭੁਲੇਖੇ ਉਹ ਮੁਗਲ ਸਮਝਾ ਗਿਆ ਸੀ। ਉਹ ਸਿਪਾਹੀ ਸੀ ਜੋ ਕਈ ਲੜਾਈਆਂ ਵਿਚ ਲੜਿਆ ਤੇ ਕਈ ਲੁੱਟਾਂ ਮਾਰਾਂ ਵਿਚ ਸ਼ਾਮਲ ਹੋਇਆ। ਆਖ਼ਰ ਉਹ ਉਸ ਯੁਧ ਵਿਚ ਸੀ ਜੋ ਸਿੱਖਾਂ ਨਾਲ ਹੋਇਆ। ਇਹ ਗੱਲ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀ ਹੈ। ਇਹ ਉਸ ਦਾ ਅਖ਼ੀਰਲਾ ਯੁੱਧ ਸੀ। ਮੁਗਲਖਾਂ ਜ਼ਖਮੀ ਹੋ ਗਿਆ, ਮਰਣ ਲਗਾ ਦਮ ਤੋੜ ਰਿਹਾ ਸੀ ਕਿ ਕਿਸੇ ਨੇ ਸੁੱਕੇ ਮੂੰਹ ਵਿਚ ਪਾਣੀ ਚੋ ਦਿਤਾ। ਇਹ ਪਾਣੀ ਨਹੀਂ ਸੀ, ਆਬਹਯਾਤ ਸੀ, ਕੋਈ ਅੰਮ੍ਰਿਤ ਦੀਆਂ ਬੂੰਦਾਂ ਸਨ। ਇਹ ਪਾਣੀ ਦੇਣ ਵਾਲਾ ਕੌਣ ਸੀ ? ਇਹ ਅਸਲ ਬੰਦਾ ਸੀ ਜੋ ਨਾ ਹਿੰਦੂ ਸੀ ਨਾ ਮੁਸਲਮਾਨ ਸੀ। ਉਹ ਸਭ ਨੂੰ ਇਕੋ ਜੇਹਾ ਦੇਖਦਾ ਸੀ। ਉਸਦੀ ਕਹਣੀ ਤੇ ਕਰਨੀ ਇੱਕੋ ਸੀ। ਉਸ ਦੀ ਕਹਣੀ ਤੇ ਕਰਨੀ ਇਕੋ ਅਭੇਦ ਕਰਤਬ ਦੀਆਂ ਦੋ ਚੀਜ਼ਾਂ ਸਨ। ਉਹ ਬੜਾ ਰਹੀਮ- ਤੇ ਬੜਾ ਕਰੀਮ ਸੀ।' ਮੈਂ ਵਿਚੋਂ ਗੱਲ ਟੂਕ ਦਿਤੀ, ਮੈਂ ਕਿਹਾ: 'ਜੀ ਉਸਦਾ ਕੀ ਨਾਮ ਸੀ ?' ਫਕੀਰ ਚੁੱਪ ਹੋ ਗਿਆ। ਉਸਨੇ ਅੱਖਾਂ ਮੀਟ ਲਈਆਂ।

ਚੰਦ੍ਰਮਾ ਹੁਣ ਬਹੁਤ ਨੀਵਾਂ ਹੋ ਗਿਆ ਸੀ। ਪੂਰਬ ਵਲੋਂ ਊਸ਼ਾ ਦੀ ਆਮਦ ਸੀ। ਦੂਰ ਪਹਾੜ ਆਪਣਾ ਗੁਆਚਾ ਹੋਇਆ ਹੁਲੀਆ ਮੁੜ ਧਾਰਨ ਕਰਨ ਲਗ ਪਏ ਸਨ। ਪਰਬਤਾਂ ਦੇ ਉਪਰਲੇ ਕਿੰਗਰੇ, ਕਿਨਾਰੀ ਦੇ ਹਾਸ਼ੀਏ ਵਾਕੁਣ

ਵੱਖਰੇ ਨਿਖਰਨ ਲਗ ਪਏ ਸਨ। ਫਕੀਰ ਦਾ ਚਿਹਰਾ ਵੀ ਅਪਣੇ ਨਕਸ਼ ਦਿਖਾਉਣ ਲਗ ਪਿਆ ਸੀ। ਉਸਦੀ ਠੋਡੀ ਪਤਲੀ ਸੀ, ਗੱਲ੍ਹਾਂ ਭਾਰੀਆਂ ਜੋ ਅੱਖਾਂ ਦੇ ਹੇਠੋਂ ਵਾਰ ਉਭਾਰੀਆਂ ਹੋਈਆਂ ਸਨ ਏਸ ਕਰਕੇ ਅੱਖਾਂ ਛੋਟੀਆਂ ਲਗਦੀਆਂ ਸਨ ਜੋ ਉਸਨੇ ਹੁਣ ਮੇਰਾ ਨਾਮ ਬਾਬਤ ਸੁਆਲ ਪੁੱਛਣ ਤੇ ਮੀਟ ਲੀਤੀਆਂ।

**3.**

**ਕੁਛ** ਚਿਰ ਉਹ ਏਸ ਤਰ੍ਹਾਂ ਚੁਪ ਰਿਹਾ, ਫੇਰ ਉਸਨੇ ਅਪਣੇ ਮੂੰਹ ਦਾ ਰੁਖ਼ ਬਰੇਤੀ ਵਲ ਕਰਕੇ ਅੱਖ ਖੋਲ੍ਹ ਦਿਤੀ। ਉਸਦੀਆਂ ਅੱਖਾਂ ਵਿਚੋਂ ਹੰਝੂ ਟਪਕ ਰਹੇ ਸਨ ਤੇ ਮੂੰਹ ਵਿਚੋਂ ਇਹ ਲਫਜ਼ ਨਿਕਲ ਰਹੇ ਸਨ, 'ਧੰਨ ਭਾਈ ਕਨ੍ਹੱਯਾ, ਧੰਨ ਧੰਨ'। ਫੇਰ ਕਹਿਣ ਲਗੇ, 'ਦੇਖੋ ਜੀ, ਉਸ ਵਕਤ ਜੰਗ ਹੋ ਰਿਹਾ ਸੀ। ਗੁੱਸੇ ਦੀ ਅੱਗ ਬਲ ਰਹੀ ਸੀ, ਨਫਰਤ ਦੇ ਸ਼ੁਅਲੇ ਉਠ ਰਹੇ ਸਨ, ਉਸ ਵੇਲੇ ਜੇ ਕੋਈ ਆਦਮੀ ਠੰਡਾ ਸੀ ਤਾਂ ਉਹ ਕੇਵਲ ਭਾਈ ਕਨ੍ਹੱਯਾ ਸੀ। ਮੈਂ ਗੁਰੂ ਗੋਬਿੰਦ ਸਿੰਘ ਦਾ ਨਾਮ ਨਹੀਂ ਲੈਂਦਾ, ਉਹ ਮਨੁੱਖ ਨਹੀਂ ਸਨ, ਉਹ ਇਨਸਾਨਾਂ ਦੀ ਜਮਾਤ ਤੋਂ ਉਪਰ ਦੀ ਚੀਜ਼ ਸਨ, ਜਾਗਦੀ ਜੋਤ ਸਨ, ਇਲਾਹੀ ਨੂਰ ਸਨ; ਰੱਬੀ ਜਲਵਾ ਸਨ। ਪਰ ਭਾਈ ਕਨ੍ਹੱਯਾ ਮਨੁੱਖ ਸੀ। ਮਨੁੱਖਾਂ ਵਿਚੋਂ ਕੋਈ ਠੰਡਾ ਸੀ ਤਾਂ, ਮਨੁੱਖ ਹਿਰਦਿਆਂ ਵਿਚੋਂ ਕਿਸੇ ਦਿਲ ਵਿਚ ਘ੍ਰਿਣਾ ਦੀ ਭੱਠੀ ਨਹੀਂ ਤਪ ਰਹੀ ਸੀ ਤਾਂ, ਤਾਂ ਉਹ ਕੇਵਲ ਭਾਈ ਕਨ੍ਹੱਯਾ ਸੀ ਜਿਸਦਾ ਮਨ ਗਿਲਾਨੀ ਦੇ ਚੁਲ੍ਹੇ ਉਤੇ ਕਦੇ ਨਹੀਂ ਚੜ੍ਹਿਆ ਸੀ; ਜੋ ਅੰਦਰੋਂ ਬਾਹਰੋਂ ਸੀਤਲ ਸੀ, ਜੋ ਠੰਡ ਵਰਤਾਉਂਦਾ ਸੀ; ਜੋ ਵਰ੍ਹਦੀ ਅੱਗ ਵਿਚ ਫਿਰਦਾ ਤੁਰਦਾ ਵੀ ਕਿਸੇ ਹਿਮ ਗੁਫਾ ਵਿਚ ਵਿਚਰਦਾ ਸੀ, ਉਹ ਭਾਈ ਕਨ੍ਹੱਯਾ ਸੀ। ਉਹਨੂੰ ਹਿੰਦੂ ਮੁਸਲਮਾਨ ਸਭ ਇਕ ਰੂਪ ਦਿੱਸਦੇ ਸਨ'। ਮੈਂ ਕਿਹਾ: 'ਜੀ, ਉਹ ਪੂਰਾ ਵੇਦਾਂਤੀ ਸੀ'। ਕਹਿਣ ਲਗੇ 'ਸ਼ਾਇਦ ਸੀ, ਸ਼ਾਇਦ ਨਹੀਂ ਸੀ। ਪਰ ਫਰਕ ਸੀ। ਵੇਦਾਂਤ ਦੀ ਵੀ ਸਮਦ੍ਰਿਸ਼ਟੀ ਹੈ, ਪਰ ਫਰਕ ਹੈ। ਵੇਦਾਂਤ ਭਾਵ ਹੀਨ ਹੈ। ਏਸ ਕਰਕੇ ਅਮਲੀ ਸ਼ਕਲ ਵਿਚ ਸਮਦ੍ਰਿਸ਼ਟੀ ਸਥਿਰ ਨਹੀਂ ਰਹਿੰਦੀ। ਕਿਤਾਬੀ ਸ਼ਕਲ ਵਿਚ ਬਹੁਤ ਖ਼ੂਬਸੂਰਤ ਹੈ'। ਮੈਂ ਕਿਹਾ 'ਜੀ ਭਾਵ ਹੀਨ ਤੋਂ ਕੀ ਮਤਲਬ ਹੈ?' ਤਾਂ ਕਹਿਣ ਲਗੇ, 'ਭਾਵ ਕਹਿੰਦੇ ਹਨ ਵਲਵਲੇ ਨੂੰ। ਭਾਈ ਕਨ੍ਹੱਯਾ ਵਲਵਲੇ ਵਾਲਾ ਬੰਦਾ ਸੀ। ਉਹ ਪ੍ਰੇਮੀ ਸੀ। ਉਹ ਗੁਰੂ ਦੇ 'ਪਿਆਰ-ਜਜ਼ਬੇ' ਵਿਚ ਗੁਰੂ ਦ੍ਰਿਸ਼ਟ ਹੋਇਆ ਹੋਇਆ ਸੀ। ਉਸ ਨੂੰ

ਜ਼ਖ਼ਮੀ ਕੋਈ ਮਨੁੱਖ ਨਹੀਂ ਸੀ ਦਿੱਸਦਾ। ਉਸ ਨੂੰ ਦਿੱਸਦਾ ਸੀ ਗੁਰੂ ਨੂੰ ਘਾਉ ਲਗ ਗਿਆ ਹੈ। ਉਹ ਤੜਫ ਉਠਦਾ ਸੀ। ਉਸ ਦੇ ਹਿਰਦੇ ਦੀ ਪੀੜ ਉਸ ਨੂੰ ਬਿਹਬਲ ਕਰ ਦੇਂਦੀ ਸੀ। ਉਹ ਗੁਰੂ ਦੇ ਮੂੰਹ ਵਿਚ ਹੀ ਪਾਣੀ ਪਾਉਂਦਾ ਸੀ, ਤੇ ਬਿਹਬਲ ਹੋਕੇ ਪਾਉਂਦਾ ਸੀ। ਏਸ ਪਿਆਰ ਬਿਹਬਲਤਾ ਵਿਚ ਉਸ ਨੂੰ ਹੋਰ ਕੁਛ ਨਹੀਂ ਸੀ ਦਿੱਸਦਾ। ਫੇਰ ਹਿੰਦੂ ਫੱਟੜ ਕੀ ਤੇ ਮੁਸਲਮਾਨ ਫੱਟੜ ਕੀ। ਇਹ ਉਸਦੀ ਸਮਦ੍ਰਿਸ਼ਟੀ ਸੀ ਪਰ ਇਸ ਦਾ ਨੁਕਤਾ ਹੋਰ ਸੀ। ਇਹ ਪਿਆਰ ਵਾਲੀ ਸਮਦ੍ਰਿਸ਼ਟੀ ਸੀ, ਇਹ ਇਸ਼ਕ ਦੇ ਮਰਕਜ਼ ਵਾਲੀ ਸਮਦ੍ਰਿਸ਼ਟੀ ਸੀ। ਇਹ ਪ੍ਰੇਮ ਕੇਂਦ੍ਰਿਤ ਸੀ। ਵੇਦਾਂਤ ਦੀ ਦ੍ਰਿਸ਼ਟੀ ਹੋਰ ਨੁਕਤੇ ਦੀ ਹੈ। ਉਹ ਪ੍ਰੇਮ ਕੇਂਦ੍ਰਿਤ ਸਮਦ੍ਰਿਸ਼ਟੀ ਨਹੀਂ। ਵੇਦਾਂਤ 'ਉਪਰਾਮ ਕੇਂਦ੍ਰਿਤ' ਸਮਦ੍ਰਿਸ਼ਟੀ ਵਾਲਾ ਹੈ। ਕੇਂਦਰਾਂ ਦਾ ਫਰਕ ਹੈ। ਦੋਨਾਂ ਦੇ ਮਰਕਜ਼ ਹੋਰ ਹਨ, ਚਾਹੇ ਦਾਇਰਾ ਇਕੋ ਹੈ।

## 4.

**ਵਕਤ** ਬੜਾ ਲੰਘ ਗਿਆ, ਸਾਨੂੰ ਪਤਾ ਨਾ ਲਗਾ ਕਿ ਧੰਨਾ ਸਿੰਘ ਪਿਛੇ ਆ ਕੇ ਕੁਛ ਦੇਰ ਦਾ ਖੜੋਤਾ ਹੈ। ਫਕੀਰ ਨੇ ਉਸਨੂੰ ਪੁੱਛਿਆ: 'ਪਾਰੋ ਕਿਥੇ ਹੈ?' ਤਾਂ ਧੰਨਾ ਸਿੰਘ ਨੇ ਕਿਹਾ: 'ਜੀ ਤੁਸੀਂ ਗੱਲ ਕਰ ਰਹੇ ਸੀ, ਪਾਰੋ ਵੀ ਏਥੇ ਖੜੋਤੀ ਸੀ, ਉਹ ਹੁਣੇ ਗਈ ਹੈ। ਨਾਲ ਦੇ ਪਿੰਡ ਤੋਂ ਪਤਾ ਆਇਆ ਹੈ ਕਿ ਬੀਮਾਰ ਰਾਮੂ ਹੁਣ ਘੜੀਆਂ ਪਲਾਂ ਤੇ ਹੈ, ਉਸਦੀ ਵਹੁਟੀ ਰਾਮਦੇਈ ਘਬਰਾ ਗਈ ਹੈ। ਪਾਰੋ ਇਹ ਸੁਣਦਿਆਂ ਹੀ ਪਹਿਲੇ ਆਪ ਵਲ ਆਈ, ਫੇਰ ਥੋੜਾ ਚਿਰ ਖੜੋ ਕੇ ਕਾਹਲੀ ਨਾਲ ਉਧਰ ਚਲੀ ਗਈ ਹੈ, ਮੈਂ ਵੀ ਚਲੇ ਜਾਣਾ ਸੀ ਪਰ ਟਹਿਲ ਸੇਵਾ ਲਈ ਗੁਰੂ ਨੇ ਆਪਣਾ ਲਾਲ ਭੇਜਿਆ ਹੈ ਤੇ ਅਟਕ ਗਿਆ ਹਾਂ।'

ਫਕੀਰ ਇਕ ਦਮ ਉਠ ਖੜੋਤਾ ਤੇ ਰਵਾਂ ਰਵੀਂ ਉਸੇ ਪਿੰਡ ਵਲ ਟੁਰ ਪਿਆ। ਮੈਂ ਵੀ ਨਾ ਅਟਕ ਸਕਿਆ। ਧੰਨਾ ਸਿੰਘ ਨੇ ਕਿਹਾ: ਕਿ ਸੱਤੂ ਛਕ ਲਵੋ ਤੇ ਫੇਰ ਚਲੋ, ਪਰ ਮੈਂ ਏਸ ਗੱਲ ਨੂੰ ਅਣਸੁਣਿਆ ਕਰਕੇ ਫਕੀਰ ਦੇ ਕਦਮਾਂ ਦੇ ਮਗਰ ਕਦਮ ਸੁੱਟਦਾ ਟੁਰੀ ਗਿਆ ਤੇ ਮੂੰਹੋਂ ਕਹਿੰਦਾ ਜਾਂਦਾ ਸੀ, ਭਾਈ ਕਨ੍ਹੱਯੇ ਦੀ ਸਮਦ੍ਰਿਸ਼ਟੀ ਦਾ ਮਰਕਜ਼ ਹੋਰ ਸੀ ਤੇ ਵੇਦਾਂਤ ਦਾ ਮਰਕਜ਼ ਹੋਰ ਹੈ, ਚਾਹੇ ਦਾਇਰਾ ਦੋਨਾਂ ਦਾ ਇਕੋ ਹੈ। ਇਹ ਕੀ ਗੱਲ ਹੈ, ਇਹ ਫਕੀਰ ਨੇ ਕੀ ਆਖਿਆ ਸੀ! ਇਸਦਾ ਮਤਲਬ ਅਜੇ ਖੁੱਲ੍ਹਾ ਹੀ ਨਹੀਂ ਸੀ ਕਿ ਅਸੀਂ

ਕਿਸੇ ਹੋਰ ਪਾਸੇ ਟੁਰ ਪਏ ਹਾਂ। ਧੰਨਾ ਸਿੰਘ ਸੱਤੂ ਤੇ ਸ਼ਰਬਤ ਦਾ ਇਕ ਕਟੋਰਾ ਲੈ ਕੇ ਮਗਰ ਮਗਰ ਆ ਰਿਹਾ ਸੀ। ਵੀਹ ਕੁ ਮਿੰਟ ਲਗੇ ਹੋਣਗੇ ਕਿ ਅਸੀਂ ਪਾਰੋ ਕੋਲ ਪਹੁੰਚ ਗਏ।

**5.**

**ਇਕ** ਸੁਕੇ ਘਾਹ ਦੀ ਸੇਜਾ ਉਤੇ ਇਕ ਪ੍ਰਾਣੀ ਲੇਟਿਆ ਹੋਇਆ ਸੀ। ਫਕੀਰ ਸਾਈਂ ਨੇ ਉਸਦੇ ਮੱਥੇ ਉਤੇ ਹੱਥ ਰੱਖ ਦਿਤਾ ਤੇ ਕਿਹਾ: 'ਕਹੁ ਬੇਟਾ! ਕੈਸੇ ਹੋ?' ਪ੍ਰਾਣੀ ਨੇ ਅੱਧੀ ਕੁ ਅੱਖ ਖੋਲ੍ਹੀ, ਉਸ ਦੇ ਕੰਨਾਂ ਨੇ ਆਵਾਜ਼ ਸਿਞਾਣੀ ਲਗਦੀ ਸੀ। ਉਸ ਨੇ ਸੱਜਾ ਹੱਥ ਚੁਕਿਆ, ਸ਼ਾਇਦ ਸਲਾਮ ਵਾਸਤੇ, ਪਰ ਹੱਥ ਦੋ ਕੁ ਇੰਚ ਉਠਕੇ ਡਿਗ ਪਿਆ। ਪ੍ਰਾਣੀ ਦੀਆਂ ਅਖੀਆਂ ਪੂਰੀ ਤਰ੍ਹਾਂ ਖੁਲ੍ਹ ਗਈਆਂ ਪਰ ਇਕ ਲੰਮਾ ਸਾਹ ਗਲੇ ਵਿਚ ਅਖੀਰਲਾ ਘੁਰਾੜਾ ਮਾਰਕੇ ਨਿਕਲ ਗਿਆ। ਰਾਮੂੰ ਦੀ ਵਹੁਟੀ, ਪਤੀ ਦੇ ਪੈਰਾਂ ਨਾਲ ਲਿਪਟੀ ਹੋਈ ਸੀ। ਉਹ ਪੁਕਾਰ ਰਹੀ ਸੀ: 'ਹਾਏ ਮੈਨੂੰ ਕਿਥੇ ਛੱਡਕੇ ਟੁਰ ਪਏ ਹੋ? ਹਾਇ ਮੈਂ ਕੀ ਕਰਾਂਗੀ? ਹਾਏ ਮੈਨੂੰ ਨਾਲ ਲੈ ਚਲੋ'। ਇਹ ਕਹਿੰਦਿਆਂ ਹੀ ਉਸਨੇ ਪਕੜੇ ਚਰਣ ਛਡ ਦਿਤੇ, ਜ਼ੋਰ ਦੀ ਹਾਇ ਕੀਤੀ ਤੇ ਘੁਟ ਕੇ ਪਾਰੋ ਦੇ ਗਲ ਨਾਲ ਲਿਪਟ ਗਈ। ਪੰਜ ਮਿੰਟ ਬਾਦ ਜਦ ਪਾਰੋ ਨੇ ਉਸਨੂੰ ਆਪਣੇ ਗਲੇ ਨਾਲੋਂ ਪਰੇ ਕੀਤਾ ਤਾਂ ਉਹ ਖੜੋ ਨਹੀਂ ਸੀ ਸਕਦੀ। ਫਕੀਰ ਨੇ ਮਦਦ ਕਰਕੇ ਉਸਨੂੰ ਜ਼ਮੀਨ ਉਤੇ ਲਿਟਾ ਦਿਤਾ, ਜਦ ਦੇਖਿਆ ਤਾਂ ਉਹ ਪ੍ਰਾਣ ਤਿਆਗ ਚੁਕੀ ਸੀ।

ਇਹ ਨਜ਼ਾਰਾ ਬੜਾ ਅਜੀਬ ਸੀ। ਸ਼ੋਕ ਵਾਲੀ ਗੱਲ ਹੈਰਾਨੀ ਵਿਚ ਪਲਟ ਗਈ, ਫੇਰ ਇਕ ਦਮ ਭਯ ਛਾ ਗਿਆ। ਸਭ ਚੁੱਪ ਹੋ ਗਏ ਪਰ ਇਕ ਪਾਸਿਓਂ ਡੁਸਕਾਰਿਆਂ ਦੀ ਆਵਾਜ਼ ਆ ਰਹੀ ਸੀ ਜੋ ਸਾਰਿਆਂ ਦੇ ਚੁਪ ਹੋਣ ਨਾਲ ਬੁਸਕਦੀ ਸੁਣਾਈ ਦੇਣ ਲਗ ਪਈ। ਭਾਈ ਰਾਮੂ ਦੀ ਧੀ ਰਾਮ ਪਿਆਰੀ ਰੋ ਰਹੀ ਸੀ। ਉਹ ਜ਼ਰਾ ਕੁ ਵਿੱਥ ਉਤੇ ਭੁੰਜੇ ਲੇਟੀ ਹੋਈ ਸੀ। ਕੋਈ ਤਿੰਨ ਕੁ ਸਾਲ ਦੀ ਬੱਚੀ ਸੀ। ਉਹ ਬੀਮਾਰ ਸੀ ਤੇ ਉਸਨੂੰ ਬੁਖ਼ਾਰ ਸੀ, ਉਹ ਵਿਲਕ ਰਹੀ ਸੀ।

ਉਸ ਵੇਲੇ ਜੰਗਲ ਵਿਚ ਲਕੜਾਂ ਕਟਣ ਵਾਲੇ ਮਜ਼ਦੂਰ ਆ ਗਏ ਤੇ ਕੁੜੀ ਵਲ ਦੇਖਕੇ ਤਰਸ ਨਾਲ ਕਹਿ ਰਹੇ ਸਨ: ਵਿਚਾਰੀ ਦੇ ਮਾਂ ਪਿਉ ਦੋਨੋਂ ਮਰ ਗਏ। ਏਸ ਗਰੀਬਣੀ ਦਾ ਨਾ ਕੋਈ ਚਾਚਾ ਹੈ ਨਾ ਚਾਚੀ, ਨਾ ਕੋਈ ਮਾਸੀ ਮਾਸੜ, ਇਹਦਾ ਕੀ ਬਣੇਗਾ? ਦੂਜੇ ਨੇ ਕਿਹਾ: ਉਹ ਮਾਲਕ ਸਭ ਨੂੰ ਸਹਾਰਾ

 www.sikhbookclub.com

ਦੇਣ ਵਾਲਾ ਹੈ, ਉਹੋ ਏਸਦਾ ਵੀ ਕੋਈ ਉਪਾ ਕਰੇਗਾ। ਤੀਜੇ ਨੇ ਕਿਹਾ: ਜੇ ਪਾਰੋ ਏਸਨੂੰ ਧੀ ਬਣਾ ਲਵੇ ਤਾਂ ਇਸ ਨੂੰ ਮਾਂ ਵੀ ਤੇ ਪਿਉ ਵੀ ਤੇ ਨਾਨਾ ਵੀ ਮਿਲ ਜਾਏ। ਚੌਥੇ ਨੇ ਪੁਛਿਆ: ਨਾਨਾ ਕਿਸ ਤਰ੍ਹਾਂ? ਤੀਜੇ ਨੇ ਕਿਹਾ: ਲੈ ਤੈਨੂੰ ਨਹੀਂ ਪਤਾ? ਪਾਰੋ ਉਸੇ ਫਕੀਰ ਸਾਂਈਂ ਦੀ ਧੀ ਹੈ। ਇਕ ਹੋਰ ਨੇ ਕਿਹਾ: ਫਕੀਰ ਤੇ ਮੁਸਲਮਾਨ ਹੈ। ਫੇਰ ਤੀਜੇ ਨੇ ਕਿਹਾ: ਹਾਂ ਕੁਛ ਐਸਾ ਵੈਸਾ ਮੁਸਲਮਾਨ ਹੈ, ਪਰ ਪਾਰੋ ਉਸਦੀ ਧੀ ਹੈ, ਇਸਦਾ ਨਾਮ ਪਰੀ ਬਾਨੋ ਸੀ। ਫਕੀਰ ਸਾਂਈਂ ਨੂੰ ਸੰਤ ਨਿਧਾਨ ਸਿੰਘ ਜੀ ਮਿਲ ਗਏ, ਪਰੀ ਬਾਨੋ ਦੇ ਭਾਗ ਖੁਲ੍ਹ ਗਏ। ਉਹ ਧੰਨਾ ਸਿੰਘ ਨਾਲ ਵਿਆਹੀ ਗਈ। 'ਪਰੀਬਾਨੋ' ਦੀ 'ਪਾਰੋ' ਹੋ ਗਈ। ਉਸ ਜੇਹਾ ਇਲਾਕੇ ਵਿਚ ਹੋਰ ਕੋਈ ਨਾ ਸਿਖ ਹੈ, ਨਾ ਸਿਖਣੀ।

ਆਸੇ ਪਾਸੇ ਦੇ ਪਿੰਡਾਂ ਦੇ ਲੋਕ ਇਕੱਠੇ ਹੋ ਗਏ। ਸਾਰੇ ਭਾਈ ਰਾਮੂ ਦਾ ਜਸ ਗਾ ਰਹੇ ਸਨ। ਇਸਤ੍ਰੀਆਂ ਰਾਮਦੇਈ ਦੀ ਚੰਗਿਆਈ ਦੱਸ ਰਹੀਆਂ ਸਨ। ਕਈ ਕਹਿ ਰਹੀਆਂ ਸਨ: 'ਨੀ ਭੈਣੇ! ਮੈਨੂੰ ਵੀ ਐਹੋ ਜੇਹੀ ਮੌਤ ਆਵੇ, ਮੈਂ ਵੀ ਆਪਣੇ ਘਰ ਵਾਲੇ ਦੇ ਨਾਲ ਹੀ ਮੁੱਕ ਜਾਵਾਂ।' ਪਰ ਸਾਰੀਆਂ ਇਕ ਜ਼ੁਬਾਨ ਮੰਨ ਰਹੀਆਂ ਸਨ ਕਿ ਇਹ ਪਾਰੋ ਦੀ ਬਰਕਤ ਹੈ; ਕਿਸ ਤਰ੍ਹਾਂ ਉਹ ਰਾਮਦੇਈ ਨੂੰ ਉਚਿਆਂ ਕਰਦੀ ਰਹੀ, ਚੁੱਕਦੀ ਰਹੀ, ਕਿਸ ਤਰ੍ਹਾਂ ਉਹ ਇਨ੍ਹਾਂ ਬੀਮਾਰਾਂ ਦੀ ਸੇਵਾ ਕਰਦੀ ਰਹੀ। ਕਿਸ ਤਰ੍ਹਾਂ ਉਸਦੀ ਪ੍ਰੇਰਨਾ ਕਰਕੇ ਫਕੀਰ ਸਾਂਈਂ ਉਨ੍ਹਾਂ ਦੀ ਦਵਾ ਦਰਮਲ ਵਿਚ ਦਿਨ ਰਾਤ ਜੁਟਿਆ ਰਿਹਾ, ਕਿਸ ਤਰ੍ਹਾਂ ਸੰਤ ਨਿਧਾਨ ਸਿੰਘ ਜੀ ਉਚੇ ਭਰੋਸੇ ਦੀਆਂ ਖੁਸ਼ੀਆਂ ਬਖਸ਼ਦੇ ਰਹੇ। ਕਿਸ ਤਰ੍ਹਾਂ ਉਹ ਜੋੜਾ ਅੰਤ ਪ੍ਰਯੰਤ ਆਪਣੀ ਪ੍ਰੀਤ ਨਿਬਾਹ ਗਿਆ ਤੇ ਪਿਛੇ ਕੈਸੀ ਕੀਰਤੀ ਛਡ ਗਿਆ।

## 6.

**ਇਕ** ਪਾਸੇ ਵੱਡਾ ਚਿਤਾ ਦਾ ਅੰਗੀਠਾ ਜਲ ਰਿਹਾ ਹੈ। ਦੋਨੋਂ ਮ੍ਰਿਤਕ ਸਰੀਰ ਇਕੇ ਕਾਠ ਦੀ ਸੇਜ ਉਪਰ ਅਗਨ ਭੇਟ ਹੋ ਰਹੇ ਹਨ।

ਨਜ਼ਦੀਕ ਹੀ ਦੂਜੇ ਪਾਸੇ ਸੰਤ ਨਿਧਾਨ ਸਿੰਘ ਜੀ ਬੈਠੇ ਸਨ। ਇਹ ਅਡਣਸ਼ਾਹੀ ਸੰਤ ਸਨ ਜੋ ਇਨ੍ਹਾਂ ਜੰਗਲਾਂ ਵਿਚ ਰਹਿਕੇ ਗੁਪਤ ਸੇਵਾ ਕਰਦੇ ਸਨ। ਮਨ ਦੇ ਰੋਗ ਤੇ ਤਨ ਦੇ ਰੋਗ, ਦੋਨਾਂ ਬੀਮਾਰੀਆਂ ਦੀ ਚਕਿਤਸਾ ਕਰਦੇ ਸਨ। ਸੰਤ ਨਿਧਾਨ ਸਿੰਘ ਜੀ ਦੀ ਬੜੀ ਮਹਿਮਾ ਸੀ। ਉਹ ਸੇਵਾ ਪੰਥ ਦੇ ਆਦਰਸ਼ ਉਤੇ ਟਿਕੇ ਹੋਏ ਬੜੇ ਸਮਰੱਥ ਵਕਤਾ ਸਨ।

ਜਦ ਚਿਖਾ ਪੂਰੇ ਜੋਬਨ ਵਿਚ ਜਲ ਰਹੀ ਸੀ ਤਾਂ ਆਏ ਲੋਕ ਸੰਤਾਂ ਦੇ ਬਚਨ ਸੁਣਨ ਲਈ ਉਨ੍ਹਾਂ ਦੇ ਪਾਸ ਦੇ ਦਰਖਤਾਂ ਦੀ ਛਾਂ ਹੇਠ ਬੈਠ ਗਏ।

ਸੰਤ ਨਿਧਾਨ ਸਿੰਘ ਨੇ ਆਪਣਾ ਵਿਖਿਆਨ ਸ਼ੁਰੂ ਕੀਤਾ- ਮੈਂ ਉਤਾਵਲਾ ਸਾਂ ਦੇਖਣ ਲਈ ਕਿ ਇਸ ਜੰਗਲ ਵਿਚ ਕਥਾ ਕਿਸ ਤਰ੍ਹਾਂ ਹੁੰਦੀ ਹੈ। ਕੀ ਇਹ ਪ੍ਰਮਾਣ ਤੇ ਦ੍ਰਿਸ਼ਟਾਂਤ ਨਾਲ ਕਿਸੇ ਸ਼ਬਦ ਦੀ ਵਿਆਖਿਆ ਕਰਨਗੇ? ਇਹ ਸੰਸੇ ਉਠ ਰਹੇ ਸਨ ਕਿ ਕੰਨ ਵਿਚ ਸੰਤਾਂ ਦੀ ਆਵਾਜ਼ ਆਈ। ਉਹਨਾਂ ਦਾ ਸਿਰ ਜ਼ਰਾ ਜ਼ਰਾ ਝੂਮ ਰਿਹਾ ਸੀ। ਨੈਣ ਮੀਟੇ ਸਨ, ਪਰ ਬੰਦ ਝਿੰਮਣੀਆਂ ਦੀ ਲਾਲੀ ਤੋਂ ਐਉਂ ਲਗਦਾ ਸੀ ਕਿ ਨੈਣ ਅੰਦਰੋਂ ਭਖ ਰਹੇ ਹਨ, ਜਾਂ ਸ਼ਾਇਦ ਨਜ਼ਦੀਕ ਬਲ ਰਹੇ ਅੰਗੀਠੇ ਦੀ ਸੁਆ ਝਿੰਮਣੀਆਂ ਤੇ ਪੈ ਰਹੀ ਸੀ, ਪਰ ਬੰਦ ਆਨੇ ਲਟ ਲਟ ਭਖਦੇ ਦਿੱਸਦੇ ਸਨ। ਸੰਤਾਂ ਦੇ ਮੁਖ ਤੋਂ ਇਕ ਤੁਕ ਦੀ ਆਵਾਜ਼ ਆਈ:-

**"ਇਛਸਿ ਜਮਾਦਿ ਪਰਾਭਯੰ**
**ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥"**

ਉਹਨਾਂ ਨੇ ਆਵਾਜ਼ ਹੋਰ ਉੱਚੀ ਕੀਤੀ, ਹੋਰ ਗੋਲ ਕੀਤੀ। ਉਹ ਸੁਰੀਲੀ ਹੋ ਕੇ ਫੇਰ ਦੁਬਾਰਾ ਬਾਹਰ ਨਿਕਲੀ:-

**"ਇਛਸਿ ਜਮਾਦਿ ਪਰਾਭਯੰ**
**ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥**
**ਭਵ ਭੂਤ ਭਾਵ ਸਮਬ੍ਯਿਅੰ**
**ਪਰਮੰ ਪ੍ਰਸੰਨਮਿਦੰ॥੨॥"**

(ਗੂਜਰੀ ਸ੍ਰੀ ਜੈ ਦੇਵ, ਪੰਨਾ ੫੨੬)

ਦੇਖੋ ਭਾਈਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਉਪਦੇਸ਼ ਕਰਦੇ ਹਨ। ਕਹਿੰਦੇ ਹਨ 'ਇਛਸਿ ਜਮਾਦਿ ਪਰਾ ਭਯੰ': ਜੇ ਤੂੰ ਇਛਾ ਕਰਦਾ ਹੈਂ ਕਿ ਜਮ ਤੇਰੇ ਕੋਲੋਂ ਡਰਨ ਤਾਂ ਤੂੰ ਐਸੇ ਕਰਮ ਕਰ ਜੈਸੇ ਕਿ, "ਸ੍ਵਸਤਿ ਸੁਕ੍ਰਿਤ ਕ੍ਰਿਤੰ" ਜੈਸੇ ਕਿ "ਸੁਕ੍ਰਿਤ" ਕਰਮ ਹਨ, ਸ਼ੁਭ ਕਰਮ ਹਨ। ਏਹ ਚੰਗੇ ਕਰਮ ਹੀ 'ਸ੍ਵਸਤਿ' ਹਨ, ਕਲਯਾਨ ਰੂਪ ਹਨ, ਮੁਕਤੀ ਦੇਣ ਵਾਲੇ ਹਨ। ਇਹ ਉਪਦੇਸ਼ ਗੁਰੂ ਜਨ ਕਰਦੇ ਹਨ। ਤੁਸੀਂ ਸਾਰੇ ਕੰਮ ਕਰਨ ਵਾਲੇ ਹੋ, ਨਿਕੰਮੇ ਨਹੀਂ ਹੋ, ਤੁਸੀਂ ਕਮਾਈ ਵਾਲੇ ਬੰਦੇ ਹੋ। ਤੁਸੀਂ ਮੰਗਤੇ ਨਹੀਂ ਹੋ, ਤੁਸੀਂ ਕਿਰਤੀ

ਹੋ। ਏਸ ਸ਼ਬਦਿ ਪਰਿਥਾਇ ਸਾਨੂੰ ਸਾਰਿਆਂ ਨੂੰ ਇਹ ਮਤਿ ਦਿੱਤੀ ਹੈ ਕਿ ਕੰਮ ਕਰਨਾ ਜ਼ਰੂਰੀ ਹੈ। ਅਸੀਂ ਜਿਸ ਸੰਪ੍ਰਦਾਇ ਵਿਚੋਂ ਹਾਂ ਉਹ ਸੇਵਾ ਪੰਥੀ ਹੈ। ਸੇਵਾ ਹੀ ਉਨ੍ਹਾਂ ਦਾ ਕਰਤਬ ਹੈ। ਉਹ ਸਾਧੂ, ਜੋ ਘਰ ਛਡ ਬੈਠੇ ਹਨ, ਉਨ੍ਹਾਂ ਲਈ ਵੀ ਸੇਵਾ ਜ਼ਰੂਰੀ ਹੈ। ਉਹ ਹੋਰ ਕੁਛ ਨਾ ਕਰਨ ਤਾਂ ਮੁੰਝ ਦੇ ਰੱਸੇ ਹੀ ਵਟਦੇ ਰਹਿਣ। ਰੱਸੇ ਵੱਟਣ ਉਪਰ ਹੋਰ ਭੇਖੀ ਹਸਦੇ ਹਨ, ਪਰ ਓਹ ਏਸਦੇ ਮਰਮ ਨੂੰ ਨਹੀਂ ਸਮਝਦੇ। ਦੁਨੀਆਦਾਰਾਂ ਦੇ ਹੱਥ ਖਾਲੀ ਨਹੀਂ ਰਹਿੰਦੇ ਉਹ ਹੋਰ ਕੁਛ ਨਾ ਹੋਵੇ ਤਾਂ ਉਂਗਲਾਂ ਉਤੇ ਬਾਜ਼ ਬਿਠਾਈ ਰਖਣਗੇ। ਬਾਜ਼ ਦੀ ਡੋਰ ਨੂੰ ਫੜੀ ਰਖਣਗੇ। ਉਹਨਾਂ ਦਾ ਮੂੰਹ ਵੀ ਖਾਲੀ ਨਹੀਂ ਰਹਿੰਦਾ ਬੋਲਦੇ ਰਹਿਣਗੇ, ਜੇ ਬੋਲਣ ਨਾਂ ਤਾਂ ਮੂੰਹ ਵਿਚ ਪਾਨ ਚਬਾਉਂਦੇ ਰਹਿਣਗੇ। ਭਗਤ ਕਬੀਰ ਜੀ ਨੇ ਕਹਿਆ ਹੈ:-

**"ਹਾਥਿ ਤ ਡੋਰ ਮੁਖਿ ਖਾਇਓ ਤੰਬੋਰ॥**
**ਮਰਤੀ ਬਾਰ ਕਸਿ ਬਾਧਿਓ ਚੋਰ॥੩॥"**
(ਗਉੜੀ ਕਬੀਰ ਜੀ ਪੰਨਾ ੩੨੬)

ਐਸੇ ਵਿਲਾਸੀ ਪੁਰਸ਼ਾਂ ਨੂੰ ਜੋ ਹੱਥ ਵਿਚ ਨਿਕੰਮੀ ਡੋਰ ਪਕੜੀ ਰਖਦੇ ਹਨ, ਜਿਨ੍ਹਾਂ ਦੇ ਬੁਲ੍ਹ ਪਾਨ ਬੀੜੇ ਨਾਲ ਹਿਲਦੇ ਰਹਿੰਦੇ ਹਨ, ਐਸੇ ਵਿਲਾਸੀਆਂ ਨੂੰ ਜਮ ਆਕੇ ਅਪਣੇ ਰੱਸਿਆਂ ਨਾਲ ਕਸ ਲੈਂਦੇ ਹਨ ਜਿਸ ਤਰ੍ਹਾਂ ਕਿਸੇ ਚੋਰ ਨੂੰ ਪਕੜੀਦਾ ਹੈ। ਇਹ ਪੁਰਸ਼ ਚੋਰ ਹਨ। ਇਹ ਸਮੇਂ ਦੀ ਚੋਰੀ ਕਰਦੇ ਹਨ। ਸਮੇਂ ਨੂੰ ਲੁੱਟਦੇ ਹਨ। ਪਰ ਸਾਡੇ ਵੱਡੇ ਸੰਤ, ਸ਼੍ਰੋਮਣੀ ਸੰਤ, ਸੇਵਾਦਾਸ ਜੀ ਸਾਹਿਬ ਸਾਰਿਆਂ ਨੂੰ ਉਪਦੇਸ਼ ਕੀਤਾ ਕਰਦੇ ਸਨ। ਕਹਿੰਦੇ ਹੁੰਦੇ ਸਨ: 'ਸਮੇਂ ਨੂੰ ਵਿਹਲਾ ਨਾ ਗੁਆਓ, ਏਸ ਨੂੰ ਸਕਾਰਥਾ ਕਰੋ। ਜੇ ਸਾਈਂ ਨੇ ਖਾਣ ਨੂੰ ਬਹੁਤ ਦੇ ਦਿਤਾ ਹੈ, ਜੇ ਤੁਹਾਡੀਆਂ ਸਾਰੀਆਂ ਸੰਸਾਰਕ ਜ਼ਰੂਰਤਾਂ ਪੂਰੀਆਂ ਹੋ ਗਈਆਂ ਹਨ ਤਾਂ ਵੀ ਹੱਥ ਚਲਦੇ ਰਖੋ'। ਸਾਧੂਆਂ ਨੂੰ ਕਹਿੰਦੇ ਹੁੰਦੇ ਸਨ: 'ਤੁਸੀਂ ਹੱਥਾਂ ਨਾਲ ਮੁੰਝ ਦੇ ਰੱਸੇ ਹੀ ਵਟਦੇ ਰਹੋ।' ਫੇਰ ਉਹ ਫੁਰਮਾਉਂਦੇ ਸਨ: 'ਭਾਈ, ਦੇਖੋ ਇਹ ਤੁਹਾਡੇ ਹੱਥ ਵਿਚ ਰੱਸੇ ਦੇਖਕੇ ਜਮ ਡਰ ਜਾਏਗਾ, ਨੱਸ ਜਾਏਗਾ, ਉਹ ਸਮਝੇਗਾ ਮੈਨੂੰ ਹੀ ਕਿਤੇ ਇਨ੍ਹਾਂ ਰੱਸਿਆਂ ਨਾਲ ਇਹ ਸਾਧ ਫੜ ਨਾ ਲੈਣ, ਬੰਨ੍ਹ ਨਾ ਲੈਣ। ਬਾਜ਼ਾਂ ਦੀ ਡੋਰੀ ਨਾਲ ਪੰਛੀ ਹੀ ਕਾਬੂ ਆਉਂਦੇ ਹਨ ਜਮ ਨਹੀਂ ਡਰਦੇ।' ਸੰਤ ਜੀ ਮਹਾਰਾਜ ਕਹਿੰਦੇ ਹੁੰਦੇ ਸਨ:-


www.sikhbookclub.com

**ਹਾਥ ਮੇਂ ਰੱਸਾ ਚਿੱਤ ਅਨੁਰਾਗਾ।**
**ਦੇਖਤ ਹੀ ਜਮ ਜਾਵੈ ਭਾਗਾ।**

ਕਾਰ ਕਰਨ ਵਾਲੇ ਸਾਧੂਆਂ ਕੋਲੋਂ ਜਮ ਡਰਦਾ ਹੈ ਕਿ ਇਹ ਸਾਧੂ ਹਨ, ਅਸਲ ਸਾਧੂ। ਇਹ ਸਮੇਂ ਦੀ ਚੋਰੀ ਨਹੀਂ ਕਰਦੇ। ਇਹ ਸਮੇਂ ਦੀ ਹਿੰਸਾ ਨਹੀਂ ਕਰਦੇ। ਜੋ ਨਿਕੰਮੇ ਹਨ ਉਹ ਸਮੇਂ ਦੀ ਹਿੰਸਾ ਕਰਦੇ ਹਨ, ਉਨ੍ਹਾਂ ਦਾ ਵਕਤ ਕਟ ਨਹੀਂ ਹੁੰਦਾ। ਉਹ ਸਮੇਂ ਨੂੰ ਮਾਰਦੇ ਹਨ, ਸਮੇਂ ਨੂੰ ਨਸ਼ਟ ਕਰਦੇ ਹਨ, ਕਈ ਪ੍ਰਕਾਰ ਦੇ ਵਯਸਨਾਂ ਵਿਚ ਲਗਕੇ, ਕਈ ਕਿਸਮ ਦੇ ਨਸ਼ਿਆਂ ਦਾ ਸੇਵਨ ਕਰਦੇ ਹਨ।

ਭਾਈ ਰਾਮੂ ਕਿਰਤੀ ਸੀ, ਸਾਧੂ ਸੁਭਾ ਸੀ। ਉਸ ਨੇ ਕਦੇ ਸਮਾਂ ਨਸ਼ਟ ਨਹੀਂ ਕੀਤਾ ਸੀ। ਤੁਸੀਂ ਪੁਛਦੇ ਹੋ ਉਹ ਕਿਥੇ ਗਿਆ। ਉਹ ਜਮ ਪੁਰੀ ਨਹੀਂ ਗਿਆ। ਉਹ ਤੇ:-

**"ਜਮ ਤੇ ਉਲਟਿ ਭਏ ਹੈ ਰਾਮ॥**
**ਦੁਖ ਬਿਨਸੇ ਸੁਖ ਕੀਓ ਬਿਸਰਾਮ॥"**
(ਗਉੜੀ ਕਬੀਰ ਜੀ ਪੰਨਾ ੩੨੬)

ਉਹ ਸੁਖੀ ਹੋ ਗਿਆ ਹੈ, ਉਸ ਦੇ ਦੁੱਖ ਬਿਨਸ ਗਏ ਹਨ, ਉਹ ਬਿਸਰਾਮ ਕਰ ਰਿਹਾ ਹੈ। ਦੁੱਖ ਸਰੀਰ ਕਾਰਨ ਹੁੰਦੇ ਹਨ। ਦੁੱਖ ਦੇਹ ਦਾ ਧਰਮ ਹੈ। ਦੇਹ ਨੂੰ ਖਈ ਰੋਗ ਲਗ ਗਿਆ ਸੀ, ਕਾਇਆ ਦੋ ਸਾਲ ਤੋਂ ਜੀਰਣ ਹੋ ਰਹੀ ਸੀ। ਚੋਲਾ ਪੁਰਾਣਾ ਹੋ ਗਿਆ ਸੀ, ਫਟ ਗਿਆ ਸੀ। ਉਸ ਤਿਆਗ ਦਿਤਾ। ਉਹ ਚੋਲੇ ਦੀਆਂ ਤਣੀਆਂ ਦੇ ਬੰਧਨ ਵਿਚੋਂ ਨਿਕਲ ਗਿਆ। ਦੇਖੋ ਸਜਣੋਂ! ਜੇ ਇਹ ਪਿੰਡਾ ਕਾਰਯ ਸਾਧਕ ਰਹਵੇ ਤਦੇ ਹੀ ਠੀਕ ਹੈ ਪਰ ਜਦ ਇਹ ਬਲ ਹੀਣ ਹੋ ਜਾਵੇ ਤਾਂ ਇਹ ਨਿਰਾ ਬੰਧਨ ਹੈ, ਤਿਆਗੇ ਜਾਣ ਨਾਲ ਜੀਵ ਆਤਮਾਂ ਦਾ ਕੁਛ ਨਹੀਂ ਵਿਗੜਦਾ-

**"ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥**
**ਸਬਦਿ ਅਤੀਤਿ ਅਨਾਹਦਿ ਰਾਤਾ॥"**
(ਗਉ: ਕਬੀ ਜੀ, ਪੰਨਾ ੩੨੭)

ਜਿਸ ਵੇਲੇ ਇਹ ਪਿੰਡਾ ਮਰਦਾ ਹੈ ਤਾਂ ਜੀਵ ਕਿਥੇ ਜਾਂਦਾ ਹੈ? ਉਹ ਜੀਵ ਜੋ ਮੁਕਤ ਹੈ ਜੋ ਅਤੀਤ ਹੈ, ਜਿਸ ਦੇ ਬੰਧਨ ਸਾਰੇ ਮਿਟ ਗਏ ਹਨ, ਕਿਸ ਤਰ੍ਹਾਂ ਮਿਟ ਗਏ ਹਨ? ਸ਼ਬਦ ਦੁਆਰਾ ਮਿਟ ਗਏ ਹਨ, ਐਸੇ ਅਨਾਹਦ ਸ਼ਬਦ ਵਿਚ ਰਚਿਆ ਹੋਇਆ ਅਤੀਤ, ਬੰਦਾ ਹੋਰ ਕਿਥੇ ਜਾਂਦਾ ਹੈ? ਉਸ ਨੇ ਹੋਰ ਕਿਥੇ ਜਾਣਾ ਹੈ?

**"ਇਸੁ ਮਨ ਕਉ ਨਹੀ ਆਵਨ ਜਾਨਾ॥**
**ਜਿਸਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥੬॥"**

(ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ, ਪੰਨਾ ੩੩੦)

ਸਰੀਰ ਏਥੇ ਰਹਿ ਜਾਂਦਾ ਹੈ ਪਰ ਇਹ ਮਨ, ਇਹ ਆਤਮਾ ਹੋਰ ਕਿਤੇ ਨਹੀਂ ਜਾਂਦਾ। ਇਹ ਸਰੀਰ ਛੋੜਕੇ ਅਪਣੇ ਸੁਖ ਸਰੂਪ ਵਿਚ ਲੀਣ ਹੋ ਜਾਂਦਾ ਹੈ:-

**"ਇਸ ਮਨ ਕਾ ਕੋਈ ਜਾਨੈ ਭੇਉ॥**
**ਇਹ ਮਨਿ ਲੀਣ ਭਏ ਸੁਖਦੇਉ॥੮॥"**

(ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ, ਪੰਨਾ ੩੩੦)

ਐਸਾ ਜੀਵ ਅਪਣੇ ਸੁਖ ਸਰੂਪ ਵਿਚ ਲੀਣ ਹੋ ਜਾਂਦਾ ਹੈ, ਐਸੇ ਜੀਵ ਦਾ ਆਵਾ ਗਵਣ ਮਿਟ ਜਾਂਦਾ ਹੈ। ਤੱਤ ਪਰਮ ਤੱਤ ਨਾਲ ਮਿਲ ਜਾਂਦਾ ਹੈ। ਮਿਲਕੇ ਇਕ ਹੋ ਜਾਂਦਾ ਹੈ। ਸਾਰੇ ਬ੍ਰਹਮੰਡ ਵਿਚ ਇਕੋ ਹੀ ਜੀਵ ਹੈ। ਸਰੀਰ ਅਨੇਕ ਹਨ, ਜੀਵ ਇਕੋ ਹੀ ਹੈ:-

**"ਜੀਉ ਏਕੁ ਅਰੁ ਸਗਲ ਸਰੀਰਾ॥**
**ਇਸੁ ਮਨ ਕਉ ਰਵਿ ਰਹੇ ਕਬੀਰਾ॥੯॥"**

(ਗਉੜੀ ਗੁਆਰੇਰੀ ਅਸਟ:, ਪੰਨਾ ੩੩੦)

ਜੀਵ ਇਕੋ ਹੀ ਹੈ। ਸਰੀਰ ਵਖੋ ਵੱਖ ਹਨ। ਸਰੀਰਾਂ ਦੇ ਅਡਰੇ ਹੋਣ ਕਰਕੇ ਰਿਸ਼ਤੇਦਾਰੀਆਂ ਬਣ ਗਈਆਂ ਹਨ। ਕੋਈ ਪਿਉ ਹੋ ਗਿਆ ਕੋਈ ਪੁਤ੍ਰ ਬਣ ਗਿਆ। ਅਸਲ ਵਿਚ:-

**"ਕਉਨੁ ਕੋ ਪੂਤੁ ਪਿਤਾ ਕੋ ਕਾ ਕੋ॥**
**ਕਉਨੁ ਮਰੈ ਕੋ ਦੇਇ ਸੰਤਾਪੋ॥੧॥... ...**

**ਕਉਨ ਕੋ ਪੁਰਖੁ ਕਉਨ ਕੀ ਨਾਰੀ॥**
**ਇਆ ਤਤ ਲੇਹੁ ਸਰੀਰ ਬਿਚਾਰੀ॥੨॥"**
(ਗਉੜੀ ਕਬੀਰ ਜੀ, ਪੰਨਾ ੩੩੧)

ਸਿਰਫ ਇਹ ਦੇਹ ਭੇਦ ਕਰਕੇ ਰਾਮੂ ਤੇ ਰਾਮਦੇਈ ਖਾਵੰਦ ਤੇ ਇਸਤ੍ਰੀ ਸਨ। ਉਹ ਦੋਨੋਂ ਇਕੋ ਜੋਤ ਸਨ, ਇਕ ਰੂਪ ਸਨ। ਰਾਮਦੇਈ ਅਸਲੀ ਸਤੀ ਸੀ। ਉਹ ਸਤ ਸਰੂਪਾ ਸੀ। ਉਸਨੇ ਪਤੀ ਦੀ ਸੇਵਾ ਕੀਤੀ। ਰੋਗੀ ਪਤੀ ਦੀ ਸੇਵਾ ਵਿਚ ਹੀ ਉਸਨੇ ਰੋਗ ਲੈ ਲਿਆ, ਪਰ ਅਖ਼ੀਰ ਦਮ ਤਕ ਸੇਵਾ ਵਿਚ ਤਤਪਰ ਰਹੀ। ਕਠਨ ਸੇਵਾ ਨਾਲ ਉਸ ਦੇ ਸਰੀਰ ਵਿਚ ਬਲ ਨਹੀਂ ਸੀ ਰਿਹਾ, ਜਿਸਮ ਨਿਸੱਤਾ ਹੋ ਗਿਆ ਸੀ। ਪਰ ਉਸ ਦੇ ਮਨ ਵਿਚ ਸਤ ਸੀ। ਇਹ ਕੇਵਲ ਸਤ ਦੀ ਦ੍ਰਿੜਤਾ ਸੀ ਜਿਸ ਨਾਲ ਉਸ ਪ੍ਰਾਣ ਤਿਆਗ ਦਿਤੇ। ਉਹ ਅਸਲੀ ਸਤੀ ਸੀ:-

**"ਬਿਨੁ ਸਤ ਸਤੀ ਹੋਇ ਕੈਸੇ ਨਾਰਿ॥**
**ਪੰਡਿਤ ਦੇਖਹੁ ਰਿਦੈ ਬੀਚਾਰਿ॥੧॥"**
(ਗਉੜੀ ਕਬੀਰ ਜੀ, ਪੰਨਾ ੩੨੮)

ਬਗੈਰ ਸਤ ਦੇ ਕੋਈ ਸਤੀ ਹੋ ਨਹੀਂ ਸਕਦੀ। ਇਹ ਸਤ ਦੀ ਸ਼ਕਤੀ ਹੈ ਕਿ ਇਕ ਇਸਤ੍ਰੀ ਮੌਕੇ ਸਿਰ ਇਛਾ ਅਨੁਸਾਰ ਪ੍ਰਾਣ ਤਿਆਗ ਸਕਦੀ ਹੈ, ਚੋਲਾ ਛੋੜ ਸਕਦੀ ਹੈ।

ਪਰ ਰਾਮਦੇਈ ਨੇ ਚੋਲਾ ਨਹੀਂ ਛੋੜਿਆ, ਚੋਲੇ ਨੇ ਰਾਮਦੇਈ ਨੂੰ ਛੋੜ ਦਿਤਾ ਹੈ। ਚੋਲਾ ਥੱਕ ਗਿਆ ਸੀ, ਅੱਕ ਗਿਆ ਸੀ, ਚੋਲਾ ਆਰਾਮ ਕਰਨਾ ਚਾਹੁੰਦਾ ਸੀ, ਰਾਮਦੇਈ ਨੇ ਅਜੇ ਚੋਲੇ ਕੋਲੋਂ ਹੋਰ ਸੇਵਾ ਲੈਣੀ ਸੀ। ਉਸ ਨੇ ਅਜੇ ਅਪਣੀ ਲੜਕੀ ਦੀ ਸੇਵਾ ਕਰਨੀ ਸੀ। ਕਾਕੀ ਨੇ ਵੀ ਉਹੋ ਬੀਮਾਰੀ ਪਿਤਾ ਵਾਲੀ ਚਮੇੜ ਲਈ ਸੀ। ਰਾਮਦੇਈ ਦੀ ਅਜੇ ਸੇਵਾ ਬਾਕੀ ਸੀ। ਚੋਲੇ ਨੇ ਹਾਰ ਦੇ ਦਿਤੀ। ਚੋਲੇ ਨੇ ਰਾਮਦੇਈ ਨੂੰ ਛੋੜ ਦਿਤਾ- ਹੁਣ ਰਾਮਦੇਈ ਦੀ ਸੇਵਾ ਅਸੀਂ ਪੂਰੀ ਕਰਨੀ ਹੈ- ਬੀਬੀ ਪਾਰੋ ਅਜ ਏਸ ਕਾਕੀ ਨੂੰ ਅਪਣੀ ਗੋਦ ਲੈ ਰਹੀ ਹੈ। ਉਹ ਇਸਨੂੰ ਗੋਦ ਵਿਚ ਲੈ ਰਹੀ ਹੈ, ਉਸਦੀ ਬੀਮਾਰੀ ਸਮੇਤ। ਇਹ ਜਾਣਕੇ ਕਿ ਉਹ ਬੀਮਾਰ ਹੈ, ਸਮਝਕੇ ਕਿ ਇਹ ਰੋਗ ਚੰਬੜਵਾਂ ਹੈ- ਇਹ ਜਾਣਦਿਆਂ ਹੋਇਆਂ ਉਸਨੇ ਇਕ ਬੱਚੇ ਨੂੰ, ਇਕ ਲਾਵਾਰਸ ਨੂੰ, ਇਕ

ਯਤੀਮ ਨੂੰ, ਜਿਸਦੇ ਮਾਤਾ ਪਿਤਾ ਇਕੋ ਦਿਨ ਅਪਣੇ ਵਿਲਕਦੇ ਜਿਗਰ ਦੇ ਟੁਕੜੇ ਨੂੰ ਛੱਡ ਕੇ ਚਲੇ ਗਏ ਹਨ, ਹਾਂ ਇਕ ਐਸੇ ਬੱਚੇ ਨੂੰ ਗੋਦ ਵਿਚ ਲੈ ਰਹੀ ਹੈ। ਪਾਰੋ ਅਪਣੀ ਅਫਲ ਗੋਦ ਅਜ ਸਫਲ ਕਰ ਰਹੀ ਹੈ, ਉਸ ਦੇ ਅੰਦਰੋਂ ਅੱਜ ਉਹ ਪਿਆਰ ਉਗਮ ਪਿਆ ਹੈ ਜੋ ਮਾਤਾ ਦਾ ਪਿਆਰ ਹੈ, ਜਿਸ ਪਿਆਰ ਨਾਲ ਦੁਨੀਆਂ ਪਲ ਰਹੀ ਹੈ, ਜਿਸ ਪਿਆਰ ਨਾਲ ਇਕ ਚਿੜੀ ਆਪਣੇ ਮੂੰਹ ਵਿਚ ਪਿਆ ਦਾਣਾ ਅਪਣੇ ਬੱਚੇ ਦੀ ਚੋਚਲੀ ਚੁੰਝ ਵਿਚ ਚੋਗਾ ਬਣਾਕੇ ਪਾ ਦੇਂਦੀ ਹੈ। ਪਾਰੋ ਨੇ ਅਜ ਉਸ ਪਿਆਰ ਦਾ ਸੁਆਦ ਚਖਣਾ ਹੈ ਜਿਸ ਪਿਆਰ ਦੇ ਬਗ਼ੈਰ ਇਹ ਸੰਸਾਰ ਇਕ ਪਲ ਨਹੀਂ ਚਲ ਸਕਦਾ। ਪਾਰੋ ਨੇ ਅਜ ਐਸੇ ਪਿਆਰ ਦੀ ਨਿੱਘ ਨਾਲ ਉਸ ਬੱਚੇ ਨੂੰ ਛਾਤੀ ਨਾਲ ਲਾਕੇ ਰਖਣਾ ਹੈ ਕਿ ਉਸ ਨੂੰ ਪਤਾ ਹੀ ਨਹੀਂ ਲਗਣਾ ਕਿ ਬੱਚੇ ਦਾ ਸਰੀਰ ਉਸ ਦੇ ਆਪਣੇ ਅੰਗਾਂ ਕੋਲੋਂ ਕੋਈ ਵੱਖਰੀ ਚੀਜ਼ ਹੈ। ਪਾਰੋ ਨੇ ਇਹ ਕੁਰਬਾਨੀ ਕਰਨੀ ਹੈ। ਪਰ ਇਹ ਕੁਰਬਾਨੀ ਨਹੀਂ। ਕੁਰਬਾਨੀ ਜੋ ਪਿਆਰ ਆਸਰੇ ਹੋਵੇ ਉਹ ਕੁਰਬਾਨੀ ਨਹੀਂ ਲਗਦੀ, ਉਹ 'ਪਿਆਰ' ਹੀ ਲਗਦਾ ਹੈ। ਉਹ ਪਿਆਰ ਇਤਨਾ ਮਿੱਠਾ ਲਗਦਾ ਹੈ ਕਿ ਵਡੀ ਤੋਂ ਵਡੀ ਕੁਰਬਾਨੀ ਪਿਆਰ ਨੂੰ ਹੋਰ ਮਿੱਠਿਆਂ ਤੇ ਡੂੰਘਾ ਕਰੀ ਚਲੀ ਜਾਂਦੀ ਹੈ। ਇਹ ਗੱਲ ਇਤਨੀ ਗਹਿਰੀ ਚਲੀ ਜਾਂਦੀ ਹੈ ਕਿ ਜੜ੍ਹ ਤੱਕ ਪਹੁੰਚ ਜਾਂਦੀ ਹੈ ਉਥੇ ਜਾ ਕੇ ਪਤਾ ਲਗਦਾ ਹੈ ਕਿ ਪਿਆਰ ਤੇ ਕੁਰਬਾਨੀ ਇਕੋ ਜੜ੍ਹ ਤੋਂ ਫੁਟ ਰਹੀਆਂ ਦੋ ਸ਼ਾਖਾਂ ਹਨ। ਪਰ ਏਸ ਡੂੰਘਾਈ ਨੂੰ ਪਹੁੰਚਣ ਲਈ ਪਾਰੋ ਵਰਗੀ ਹਸਤੀ ਚਾਹੀਦੀ ਹੈ, ਜੋ ਪ੍ਰੇਮ ਵਿਚ ਦ੍ਰਵ ਜਾਂਦੀ ਹੈ, ਦ੍ਰਵੀ ਹੋਈ ਆਪਾ ਵਾਰ ਸਕਦੀ ਹੈ, ਤੇ ਵਾਰੇ ਹੋਏ ਆਪੇ ਨਾਲ ਐਸਾ ਪ੍ਰਭਾਵ ਪੈਦਾ ਕਰ ਸਕਦੀ ਹੈ ਕਿ ਬਗ਼ੈਰ ਬੋਲੇ, ਬਗ਼ੈਰ ਕਹੇ, ਬਗ਼ੈਰ ਸੈਨਤ ਇਸ਼ਾਰੇ ਦੇ, ਸੁਕ ਗਏ ਹਿਰਦਿਆ ਦੇ ਕਮਲ ਖਿੜਾ ਸਕਦੀ ਹੈ।

**7.**

**ਸੰਤ ਨਿਧਾਨ ਸਿੰਘ** ਦੀ ਕਥਾ ਕੀਹ ਸੀ? ਕੋਈ ਇਲਾਹੀ ਵਸਤੂ ਸੀ। ਉਹਨਾਂ ਦੇ ਲਫਜ਼ਾਂ ਵਿਚੋਂ ਸੁੱਚੇ ਗੁਲਾਬ ਦੀ ਖਸ਼ਬੋ ਆਉਂਦੀ ਸੀ। ਉਨ੍ਹਾਂ ਦੇ ਬਚਨ ਕੇਵਲ ਕੰਨਾਂ ਦਾ ਵਿਸ਼ਯ ਨਹੀਂ ਸਨ, ਉਹ ਇਤਨੇ ਸੁਗੰਧਿਤ ਸਨ ਕਿ ਸਾਰਾ ਚੁਗਿਰਦਾ ਮੁਅੱਤਰ ਹੋ ਰਿਹਾ ਸੀ। ਉਨ੍ਹਾਂ ਦੀ ਸੁਰੀਲੀ ਆਵਾਜ਼ ਜਿਸ ਤਰ੍ਹਾਂ ਉਚੀ ਨੀਵੀਂ ਹੁੰਦੀ ਸੀ, ਜਾਪਦਾ ਸੀ ਅੰਦਰ ਵਾਰ ਦਿਮਾਗ਼ ਵਿਚ ਲਪਟਾਂ ਦੇ ਤ੍ਰੰਗ ਛੇੜ ਰਹੀ ਹੈ। ਲਫ਼ਜ਼ਾਂ ਦੀ ਵੀ ਖੁਸ਼ਬੋ ਹੁੰਦੀ ਹੈ, ਇਹ ਇਕ ਨਵੀਂ

ਗੱਲ ਸੀ ਜੋ ਅੱਗੇ ਡਿੱਠੀ ਸੁਣੀ ਨਹੀਂ ਸੀ, ਮੇਰੇ ਲਈ ਇਹ ਇਕ ਨਵਾਂ ਤਜਰਬਾ ਸੀ। ਸੰਤਾਂ ਦੇ ਸ਼ਬਦਾਂ ਵਿਚ ਇਕ ਭਾਵ ਸ਼ਕਤੀ ਸੀ ਜੋ ਲਪਟ ਲਹਿਰ ਬਣਕੇ ਮਗਜ਼ ਨੂੰ ਮੁਅੱਤਰ ਕਰ ਰਹੀ ਸੀ। ਉਹ ਹਿਰਦੇ ਜੋ ਦੁਖੀ ਬੈਠੇ ਸਨ, ਉਹ ਮਨ ਜੋ ਭਾਈ ਰਾਮੂ ਦੇ ਬਿਰਹੇ ਵਿਚ ਸੰਤਪਤ ਸਨ, ਉਹਨਾਂ ਸਾਰਿਆਂ ਉਪਰ ਗੁਲਾਬ ਦਾ ਅਰਕ ਛਿੜਕਿਆ ਜਾ ਰਿਹਾ ਸੀ। ਪਰ ਕਥਾ ਦਾ ਇਕ ਪਹਿਲੂ ਹੋਰ ਵੀ ਸੀ। ਬੇਸ਼ਕ ਸੰਤਾਂ ਨੇ ਅਜ ਅਤਰ ਦੀ ਭੱਠੀ ਲਗਾ ਦਿਤੀ ਸੀ। ਏਸ ਭੱਠੀ ਵਿਚੋਂ ਅਰਕ ਨਿਕਲ ਰਿਹਾ ਸੀ, ਬਾਸ ਸੁਬਾਸ ਚੰਦਨ ਚੋਂ ਰਿਹਾ ਸੀ। ਪਰ ਭੱਠੀ ਦੇ ਹੇਠ ਅਗ ਬਲ ਰਹੀ ਸੀ। ਉਸ ਵਿਚ ਬਾਲਣ ਕੀਹ ਸੀ? ਕੋਈ ਲਕੜੀ ਕੋਇਲੇ ਨਹੀਂ ਸਨ। ਕਰਮ ਸੜ ਰਹੇ ਸਨ, ਪਾਪ ਕਰਮ, ਜਨਮ ਜਨਮਾਂਤ੍ਰਾਂ ਦੇ ਸੰਚਿਤ ਕਰਮ, ਦੁਕ੍ਰਿਤ ਕਰਮ। ਏਸੇ ਅੰਗੀਠੀ ਵਿੱਚ ਇਕ ਕੁਠਾਲੀ ਲਾਲ ਹੋ ਰਹੀ ਸੀ, ਜਿਸ ਵਿਚ ਰਾਮ ਪਿਆਰੀ ਦੀ ਨਵੀਂ ਕਿਸਮਤ ਢਲ ਰਹੀ ਸੀ।

ਵਾਹ ਭਾਈ ਨਿਧਾਨ ਸਿੰਘ! ਤੇਰੀ ਤਾਕਤ ਅਜੀਬ ਹੈ, ਤੇਰੀ ਸ਼ਕਤੀ ਅਪਾਰ ਹੈ, ਤੇਰੇ ਬਚਨਾਂ ਦਾ ਦੂਹਰਾ ਪ੍ਰਭਾਵ ਹੈ:- ਇਕ, ਠੰਢ ਪਾ ਰਿਹਾ ਹੈ, ਸ਼ਾਂਤ ਵਰਤਾ ਰਿਹਾ ਹੈ, ਖੁਸ਼ਬੋ ਦਾ ਗੱਫਾ ਲੁਟਾ ਰਿਹਾ ਹੈ; ਦੂਜਾ, ਉਸੇ ਬਚਨ ਨਾਲ ਤੂੰ ਸ਼ਬਦ ਦੀ ਗਰਮ ਟਕਸਾਲ ਲਾ ਦਿਤੀ ਹੈ, ਜਿਥੇ ਨਵੀਂ ਕਿਸਮਤ ਢੱਲ ਰਹੀ ਹੈ, ਜੋ ਪਰਤੱਖ ਦਿਸ ਰਹੀ ਹੈ, ਜਿਸ ਤਰ੍ਹਾਂ ਨਵਾਂ ਢਲਿਆ ਸੁਨਹਿਰੀ ਸਿੱਕਾ ਚਿਲਕਣ ਲਗ ਪੈਂਦਾ ਹੈ।

## 8.

**ਮੈਂ** ਕੁਛ ਦਿਨ ਉਸੇ ਜੰਗਲ ਵਿਚ ਰਿਹਾ। ਮੈਨੂੰ ਲਗਾ, ਮੇਰੇ ਵੀ ਪਿਛਲੇ ਕਰਮ ਸੜ ਗਏ ਹਨ, ਮੇਰੇ ਸਾਰੇ ਨਾਤੇ ਰਿਸ਼ਤੇ ਬੰਧਨ ਟੁਟ ਗਏ ਹਨ, ਮੇਰੇ ਸੰਸੇ ਨਵਿਰਤ ਹੋ ਗਏ ਹਨ, ਮੈਂ ਨਵਾਂ ਨਰੋਇਆ ਹੋਰ ਤਰ੍ਹਾਂ ਦਾ ਮਨੁੱਖ ਹੋ ਗਿਆ ਹਾਂ।

ਸੰਤ ਨਿਧਾਨ ਸਿੰਘ ਦੀ ਸੁਹਬਤ, ਫਕੀਰ ਸਾਈਂ ਦੀ ਮੁਹੱਬਤ, ਧੰਨਾ ਸਿੰਘ ਦੀ ਨਿੱਘੀ ਜੱਫੀ, ਪਾਰੋ ਦਾ ਅਕਹਿ ਠੰਡਾ ਪ੍ਰਭਾਵ, ਇਨ੍ਹਾਂ ਸਾਰਿਆਂ ਦਾ ਮਿਲਵਾਂ ਤੇ ਵੱਖਰਾ ਅਸਰ ਇਕ ਕੀਮੀਆਂਗਰੀ ਦਾ ਜਾਦੂ ਸੀ।

ਇਕ ਦਿਨ ਅਸੀਂ ਸਾਰੇ ਬੈਠੇ ਸਾਂ, ਸਾਡਾ ਸਾਰਿਆਂ ਦਾ ਮੂੰਹ ਉਸੇ ਬਰੇਤੀ ਵਲ ਸੀ। ਮੀਂਹ ਪੈਕੇ ਹਟਿਆ ਸੀ। ਬਰੇਤੀ ਦੇ ਪੱਥਰ ਰੋਜ਼ ਨਾਲੋਂ ਵਧੀਕ


www.sikhbookclub.com

ਦਮਕ ਨਾਲ ਲਿਸ਼ਕ ਰਹੇ ਸਨ। ਮੈਂ ਕਿਹਾ ਜੀ, ਇਨ੍ਹਾਂ ਪੱਥਰਾਂ ਵਿਚ ਕੀ ਖ਼ੂਬੀ ਹੈ ਕਿ ਐਸ ਤਰ੍ਹਾਂ ਇਕ ਲਹਿਰੀਏਦਾਰ ਰੰਗੀਨ ਲਿਸ਼ਕਾਰਾ ਮਾਰਦੇ ਹਨ ਕਿ ਹੀਰੇ ਪੰਨੇ ਮਾਤ ਪੈ ਜਾਂਦੇ ਹਨ?

ਸੰਤ ਨਿਧਾਨ ਸਿੰਘ ਜੀ ਬੋਲੇ:-

ਦੇਖੋ ਜੀ ਇਹ ਮੁਗਲਖਾਂ ਦੀ ਯਾਦਗਾਰ ਹਿਤ ਬਰੇਤੀ ਹੈ। ਮੁਗ਼ਲ ਖਾਂ ਸਮਝਦਾ ਸੀ ਕਿ ਉਸ ਦੀ ਜਿੰਦ ਭਾਈ ਕਨ੍ਹੱਯੇ ਨੇ ਬਚਾਈ ਹੈ, ਸੋ ਇਕ ਦਿਨ ਇਕ ਲਾਲ ਲੈ ਕੇ ਸੰਤਾਂ ਨੂੰ ਮੱਥਾ ਟੇਕਣ ਚਲਾ ਗਿਆ। ਉਹ ਲਾਲ ਨੂੰ ਪਾਰਸ ਕਹਿੰਦਾ ਸੀ ਕਿਉਂਕਿ ਜਦ ਤੋਂ ਇਹ ਲਾਲ ਉਸ ਦੇ ਹੱਥ ਆਇਆ ਸੀ ਉਸਦੀ ਕਿਸਮਤ ਬਦਲਦੀ ਬਦਲਦੀ ਬਦਲ ਗਈ ਸੀ, ਹੁਣ ਜਾਨ ਵੀ ਬਚ ਗਈ ਸੀ। ਉਸ ਇਹ ਸਮਝਿਆ ਕਿ ਜਾਨ ਬਦਲੇ ਪਾਰਸ ਹੀ ਭੇਟ ਚੜ੍ਹਾਉਂਣਾ ਯੋਗ ਹੈ। ਉਹ ਭਾਈ ਕਨ੍ਹੱਯਾ ਜੀ ਕੋਲ ਆਇਆ। ਭਾਈ ਸਾਹਿਬ ਇਕ ਨਦੀ ਦੇ ਕਿਨਾਰੇ ਅਫੁਰ ਸਮਾਧ ਵਿਚ ਦ੍ਰਿੜ ਆਸਨ ਬੈਠੇ ਸਨ। ਸਾਡੇ ਗ੍ਰੰਥਾਂ ਵਿਚ ਲਿਖਿਆ ਹੈ:-

"ਬਹੁਰ ਪਾਰਸ ਕਢਕੈ ਸੰਤਹੁ ਕੇ ਆਗੇ ਧਰ ਦੀਆ ਅਰ ਹਥ ਜੋੜ ਕੈ ਠਾਢਾ ਭਇਆ। ਤਬ ਕੇਤੇ ਕਾਲ ਕੇ ਪੀਛੇ ਸੰਤ ਸਮਾਧਿ ਤੇ ਉਤਰੇ। ਤਬ ਮੁਗ਼ਲ ਹਾਥ ਜੋੜਕੇ ਬੰਦਗੀ ਕਰੀ। ਤਬ ਸੰਤਹੁੰ ਤਿਸਕੇ ਪ੍ਰੇਮ ਕੋ ਦੇਖਕੇ ਕੁਸਲ ਪੂਛ ਕੈ ਕਹਾ: ਯਹ ਪਾਹਨ (ਪੱਥਰ) ਹਮ ਕਯਾ ਕਰਨਾ ਹੈ, ਤੁਮ ਲੇ ਜਾਵੋ। ਐਸੇ ਸੁਨਕੇ ਤਿਸ ਹਾਥ ਜੋੜ ਕੈ ਕਹਾ: ਹੇ ਦਰਵੇਸ਼ ਜੀ ਯੇਹ ਤੋ ਪਾਰਸ ਹੈ, ਪਾਹਨ ਤੋ ਨਹੀਂ। ਬਹੁਰ ਸੰਤਹੁੰ ਕਹਾ ਯਹਿ ਪਾਰਸ ਹੈ? ਹਛਾ ਯਹਿ ਪਾਰਸ ਹੈ? ਐਸੇ ਕਹਿਕੈ ਨਦੀ ਕੇ ਬੀਚ ਫੈਂਕ ਦੀਆ ਅਸਗਾਹ ਜਲ ਮਹਿ। ਐਸੇ ਦੇਖ ਕੈ ਮੁਗ਼ਲ ਅਸਚਰਜ ਹੋਇ ਗਇਆ। ਬਹੁਤ ਪਸਚਾਤਾਪ ਕਰਤਾ ਹੂਆ ਬਿਆਕਲ ਹੋਇ ਗਇਆ। ਧੀਰਜ ਛੁਟ ਗਇਆ। ਅਰ ਸੰਤਹੁੰ ਕੋ ਤੋ ਕੁਛ ਕਹਿ ਨ ਸਕੈ, ਪਰ ਆਪਣੇ ਗਲੇ ਪਰ ਛੁਰਾ ਕਾਢਕੈ ਮਾਰਨੇ ਲਾਗਾ। ਤਬ ਸੰਤਹੁੰ ਦੇਖਕੇ ਕਹਾ: ਹੇ ਖਾਂਨ ਤੁਮ ਤੋ ਹਮ ਕੋ ਦੀਆ, ਅਬ ਯਹਿ ਕਿਆ ਕਾਰਨ ਹੈ? ਐਸੇ ਸੰਤਹੁੰ ਕੇ ਬਚਨ ਸੁਨ ਕੈ ਮੁਗਲ ਕਹਾ: ਹੇ ਦਰਵੇਸ਼ ਜੇ ਤੁਮ ਰਾਖਤੇ ਤਉ ਮੇਰੀ ਮੁਰਾਦ ਪੂਰੀ ਹੋਤੀ। ਜੇ ਆਪ ਨਹੀਂ ਰਾਖਤੇ ਤੋ ਮੁਝੇ ਅਨਾਇ ਦੇਵੋ। ਨਹੀਂ ਤੋ ਮੈਂ ਆਪਣਾ ਗਲਾ ਕਾਟ ਡਾਰੋਂਗੇ। ਐਸਾ ਸੁਨਕੇ ਸੰਤ ਬਹੁਤ ਧੀਰਜ ਦੇ ਰਹੇ: ਜੋ ਤੁਮ ਹਮ ਕੋ ਦੀਆ ਹੈ, ਅਬ ਕਾਹੇ ਭਰਮਤਾ ਹੈ। ਪਰ

ਮੁਗ਼ਲ ਹਠ ਕਰਕੈ ਮਰਨੇ ਲਾਗਾ। ਐਸੇ ਦੇਖਕੇ ਸੰਤਹੁੰ ਤਿਸ ਨਦੀ ਕੋ ਕਹਾ: ਹੇ ਹਰੋ! ਹਮਰੀ ਵਸਤ ਫੇਰ ਦੇਹ ਜੋ ਮੁਗ਼ਲ ਬਿਆਕਲ ਹੋਤਾ ਹੈ। ਐਸੇ ਸੰਤਹੁੰ ਕੈ ਬਚਨ ਸੁਨ ਕੈ ਨਦੀ ਫਾਟ ਗਈ। ਬੀਚ ਸਿਉਂ ਉੱਚਾ ਟਿੱਬਾ ਨਜ਼ਰੀ ਆਇਆ ਅਰ ਤਹਾਂ ਜੁਗਮ (ਦੂਹਰਾ) ਪ੍ਰਵਾਹ ਹੋਇਕੈ ਚਲਨੇ ਲਾਗੀ। ਜੈਸੇ ਵਸ਼ਿਸ਼ਟ ਕੇ ਨਾ ਡੋਬਨੇ ਹੇਤ ਸ਼ਤੱਦ੍ਰਵ ਸੌ ਹਿੱਸੇ) ਨਦੀ ਹੋਇ ਗਈ ਸੀ। ਅਰ ਜੇਤੇ ਪਾਥਰ ਕੰਕਰ ਨਿਕੇ ਵਡੇ ਥੇ ਸੋ ਪਾਰਸ ਹੋਇ ਗਏ ਹਜ਼ਾਰੋਂ ਹੀ। ਤਬ ਸੰਤਹੁ ਬਚਨ ਕੀਆ: ਹੇ ਖ਼ਾਨ ਅਪਨਾ ਪਛਾਨ ਲੇਹੁ। ਭਾਵੈ ਅਵਰ ਜੇਤੇ ਚਾਹੀਅਹਿ ਸੋ ਲੈ ਲੈ। ਐਸੇ ਦੇਖ ਕੈ ਮੁਗ਼ਲ ਚਕ੍ਰਿਤ ਹੋਇ ਕੈ ਮਨ ਮਹਿ ਕਹਿਣੇ ਲਾਗਾ: ਯਹ ਤੋ ਖੁਦਾਇ ਕੀ ਸੂਰਤ ਹੈ, ਜਿਸ ਕੇ ਬਚਨੋਂ ਮੇਂ ਏਤਾ ਬਲ ਹੈ। ਜੋ ਨਦੀ ਫਾਟ ਗਈ ਹੈ। ਪਾਥਰ ਪਾਰਸ ਹੋਇ ਗਏ ਹੈਂ। ਐਸੇ ਜਾਨ ਕੈ ਸੰਤਹੁੰ ਕੇ ਚਰਨਾਰ ਬਿੰਦਹੁੰ ਮਹਿ ਗਿਰ ਪੜਾ ਹਾਥ ਜੋੜ ਕੈ ਬੇਨਤੀ ਕਰੀ:- ਹੇ ਦਰਵੇਸ਼ ਮੇਰਾ ਗੁਨਾਹ ਬਖਸੀਐ। ਤੁਮ ਖ਼ੁਦ ਖ਼ੁਦਾਇ ਕੀ ਸੂਰਤਿ ਹੋ। ਐਸੇ ਬਹੁ ਸਿਧ ਬੇਨਤੀ ਕਰਕੈ ਬਖਸਾਇਆ। ਬਹੁਰ ਸਰਵੰਸ ਲੁਟਾਇ ਦੀਨੀ। ਅਰ ਸੰਤਹੁ ਕੇ ਚਰਨੋਂ ਕਾ ਸੇਵਕ ਭਇਆ। ਸੋ ਉਸ ਕੀ ਅਬ ਭੀ ਤਹਾਂ ਠਉਰ ਹੈ। ਤਹਾਂ ਮੇਲਾ ਲਗਤਾ ਹੈ। ਅਰ ਜਲ ਭੀ ਅਬ ਲਗ ਦੋਇ ਫਾਰ ਹੋਇ ਕੈ ਚਲਤਾ ਹੈ। ਬੀਚ ਟਿੱਬਾ ਨਿਕਸਿਆ ਹੂਆ ਹੈ।"

(ਸ੍ਰੀ ਸੰਤ ਰਤਨਮਾਲ-ਸਫਾ ੧੬,੧੭)

ਇਤਨਾ ਕਹਿਕੇ ਸੰਤ ਨਿਧਾਨ ਸਿੰਘ ਜੀ ਚੁੱਪ ਹੋ ਗਏ। ਦੋ ਮਿੰਟ ਬਾਦ ਫੇਰ ਬਚਨ ਕੀਤਾ:-

ਮੁਗ਼ਲ ਖਾਂ ਦੀ ਸੰਤਾਨ ਵਿਚ ਬਹੁਤ ਫਕੀਰੀ ਚੱਲੀ, ਉਸ ਵਿੱਚ ਪੜ੍ਹੇ ਲਿਖੇ ਫ਼ਕੀਰ ਵੀ ਹੋਏ। ਉਨ੍ਹਾਂ ਵਿਚ ਸੂਫੀ ਖਿਆਲਾਂ ਦਾ ਪ੍ਰਵਾਹ ਵੀ ਰਿਹਾ, ਪਰ ਸਭ ਉਪਰ ਰੰਗਣ ਭਾਈ ਕਨ੍ਹੱਯਾ ਦੀ ਬਖ਼ਸ਼ਸ਼ ਦੀ ਰਹੀ। ਇਹ ਫ਼ਕੀਰ ਸਾਂਈ, ਜੋ ਏਥੇ ਦੇਖਦੇ ਹੋ, ਉਸੇ ਦੀ ਉਲਾਦ ਵਿੱਚੋਂ ਹੈ। ਇਹ ਪਹਿਲੇ ਹਕੀਮੀ ਦਾ ਕੰਮ ਕਰਦਾ ਸੀ, ਯੂਨਾਨੀ ਚਕਿਤਸਾ ਦਾ ਮਾਹਿਰ ਸੀ, ਕੁਛ ਅਰਬੀ ਫਾਰਸੀ ਦਾ ਵਾਕਿਫ ਸੀ। ਪਰ ਇਕ ਦਿਨ ਅਚਣਚੇਤ ਮੁਗ਼ਲ ਖਾਂ ਸੁਫਨੇ ਵਿਚ ਆਇਆ। ਪਤਾ ਨਹੀਂ ਉਸ ਨੇ ਕੀ ਪ੍ਰੇਰਨਾ ਕੀਤੀ ਇਹ ਤਿਆਗ ਬਿਰਤੀ ਧਾਰਕੇ ਫ਼ਕੀਰ ਹੋ ਗਿਆ ਤੇ ਜੰਗਲਾਂ ਵਿਚ ਘੁੰਮਦਾ ਰਹਿਣ ਲਗ ਪਿਆ।

ਇਸ ਦੀ ਇਕਾ ਇਕ ਜੁਆਨ ਧੀ ਸੀ ਜੋ ਮਗਰੇ ਆਈ, ਉਸ ਦੀ ਵੀ ਕਲਯਾਣ ਹੋ ਗਈ। ਭਾਈ ਕਨ੍ਹੱਯੇ ਦੀ ਅਟੁੱਟ ਬਖਸ਼ਿਸ਼ ਮੁਗ਼ਲ ਖਾਂ ਉਪਰ ਸੀ, ਉਸ ਦਾ ਸਦਕਾ ਪਰੀਬਾਨੋ ਪਾਰ ਹੋ ਗਈ। ਉਹ 'ਪਾਰੋ' ਹੋ ਗਈ, ਸਰਬੱਤ ਨੂੰ ਪਾਰ ਕਰਨ ਵਾਲੀ ਹੋ ਗਈ। ਸੰਤ ਫੇਰ ਚੁੱਪ ਹੋ ਗਏ, ਪਾਰੋ ਉਠਕੇ ਚਲੀ ਗਈ। ਫੇਰ ਬਚਨ ਕੀਤਾ ਨੇ: ਫਕੀਰ ਸਾਈਂ ਛੇਕੜ ਏਸ ਨਦੀ ਦੇ ਕੰਢੇ ਆ ਪਹੁੰਚਾ। ਏਥੇ ਨਦੀ ਦੋ ਫਾੜ ਚਲ ਰਹੀ ਸੀ, ਵਿੱਚ ਟਿੱਬਾ ਸੀ। ਇਸ ਨੂੰ ਓਹੋ ਮੁਗ਼ਲ ਖਾਂ ਵਾਲਾ ਨਜ਼ਾਰਾ ਯਾਦ ਆ ਗਿਆ।

ਮੁਗ਼ਲ ਖਾਂ ਦੀ ਨਸਲ ਵਿੱਚ, ਦੋ ਸ਼ਾਖਾਂ ਵਾਲੀ ਨਦੀ ਤੇ ਵਿੱਚ ਇਕ ਟਿੱਬਾ, ਬੜੀ ਸੁਖਦਾਇਕ ਚੀਜ਼ ਮੰਨੀ ਹੈ....। ਮੈਂ ਗੱਲ ਟੁੱਕ ਦਿਤੀ। ਮੈਂ ਪੁੱਛਿਆ ਜੀ ਟਿੱਬਾ ਤੇ ਨਦੀ ਦੀਆਂ ਦੋ ਸ਼ਾਖਾਂ ਤਾਂ ਠੀਕ ਹਨ, ਪਰ ਟਿੱਬੇ ਉਤੇ ਚਮਕਦੇ 'ਹੀਰੇ' 'ਜਵਾਹਰਾਤ' ਕਿਥੋਂ ਆ ਗਏ? ਸੰਤ ਨਿਧਾਨ ਸਿੰਘ ਹੁਰੀਂ ਮੁਸਕਰਾ ਪਏ, ਕਹਿਣ ਲਗੇ: ਹੀਰੇ ਜਵਾਹਰਾਤ ਕਿਥੋਂ ਆ ਗਏ? ਇਹ ਆਪਣੇ ਆਪ ਪੈਦਾ ਹੋ ਜਾਂਦੇ ਹਨ, ਅੰਦਰੋਂ ਹੀ ਨਿਕਲ ਆਉਂਦੇ ਹਨ। ਸਾਨੂੰ ਸਮਝ ਨਹੀਂ। ਜੇ ਸਮਝ ਹੋਵੇ, ਜੇ ਪਰਖ ਹੋਵੇ, ਜੇ ਮਤਿ ਹੋਵੇ, ਤਾਂ ਹੀਰੇ ਹੀ ਹੀਰੇ ਹਨ। ਹੀਰੇ ਤੇ ਜਵਾਹਰ ਤੇ ਮਾਣਕ ਮਤਿ ਵਿਚ ਰਹਿੰਦੇ ਹਨ। ਦੇਖ ਭਾਈ ਗੁਰੂ ਬਾਬੇ ਨੇ ਕੀ ਕਿਹਾ ਸੀ:-

**"ਮਤਿ ਵਿਚਿ ਰਤਨ ਜਵਾਹਰ ਮਾਣਿਕ"**
(ਜਪੁਜੀ)

ਇਹ ਰਤਨ ਤੇ ਮਾਣਕ ਮਤਿ ਵਿਚ ਰਹਿੰਦੇ ਹਨ। ਏਹੋ ਮਤਿ ਗੁਰੂ ਬਾਬਾ ਦੇਣ ਵਾਸਤੇ ਆਇਆ ਸੀ। ਏਹੋ ਮਤਿ ਉਹ ਮੁਸਲਮਾਨ ਪਾਤਸ਼ਾਹਾਂ ਨੂੰ ਸਮਝਾਉਣ ਵਾਸਤੇ ਆਇਆ ਸੀ ਕਿ ਲੋਟੀ ਨਾ ਪਾਓ, ਹੀਰੇ ਜਵਾਹਰ ਤੁਹਾਡੇ ਕੋਲ ਹੈਨ। ਇਹ ਮਤਿ ਮੁਗ਼ਲਾਂ ਨੇ ਨਾ ਸਿੱਖੀ, ਪਰ ਮੁਗ਼ਲ ਖਾਂ ਸਿਖ ਗਿਆ। ਉਹ ਭਾਈ ਕਨ੍ਹੱਯੇ ਦੀ ਕਿਰਪਾ ਨਾਲ ਮਤਿ ਵਾਲਾ ਹੋ ਗਿਆ। ਭਾਈ ਕਨ੍ਹੱਯੇ ਦੀ ਮਤਿ ਵਿਚ ਹੀਰੇ ਜਵਾਹਰ ਮਾਣਕ ਵਸਦੇ ਸਨ। ਉਹ ਇਸ ਗੱਲ ਉਪਰ ਪਹਿਰੇ ਦੇਂਦਾ ਸੀ:-

**"ਸਭਨਾ ਜੀਆ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨ ਜਾਈ।"** (ਜਪੁਜੀ)

ਸਾਰੇ ਜੀਵ, ਭਾਈ ਕਨ੍ਹਯਾ ਲਈ ਇਕੋ ਦਾਤੇ ਦੇ ਬੱਚੇ ਸਨ। ਉਸ ਦੇ ਅੰਦਰ ਇਹ ਗੱਲ ਪ੍ਰੇਮ ਰੂਪ ਹੋਕੇ ਬੈਠ ਗਈ ਸੀ। ਉਸ ਨੇ ਏਸ ਗੱਲ ਨੂੰ ਕੇਵਲ ਆਪਣੇ ਭਾਵ ਵਿਚ ਹੀ ਪਰਤੱਖ ਨਹੀਂ ਸੀ ਕੀਤਾ, ਪ੍ਰੰਤੂ ਏਸ ਭਾਵਨਾ ਨੂੰ ਆਪਣੀ ਕਰਣੀ ਦੁਆਰਾ ਕਰਤਬ ਦੇ ਵਜੂਦ ਵਿਚ ਲੈ ਆਂਦਾ ਸੀ। ਉਸ ਦੀ ਭਾਵਨਾ ਕਰਤਬ ਦੀ ਕਾਇਆ ਵਾਲੀ ਹੋ ਗਈ ਸੀ। ਉਸ ਦਾ ਪ੍ਰੇਮ, ਸੇਵਾ ਦੀ ਹਸਤੀ ਦਾ ਜਾਮਾ ਪਹਿਨਕੇ, ਅਮਲਾਂ ਦੇ ਪ੍ਰਾਣ ਧਾਰਨ ਕਰ ਬੈਠਾ ਸੀ। ਉਸ ਦੀ ਕਾਰ ਨਿਰੀ ਹੱਥਾਂ ਪੈਰਾਂ ਦੀ ਕਾਰ ਨਹੀਂ ਸੀ, ਉਸ ਦੀ ਹਰਕਤ ਕੋਈ ਮਸ਼ੀਨ ਦੀ ਬੱਝੀ ਚਾਲ ਨਹੀਂ ਸੀ, ਉਸ ਦੀ ਟਹਿਲ ਇਕ ਜੀਉਂਦੀ ਜਾਗਦੀ ਸੇਵਾ ਸੀ, ਜਿਸ ਸੇਵਾ ਦੇ ਅੰਦਰ ਪ੍ਰੇਮ ਦੀ ਪ੍ਰਾਣ-ਸ਼ਕਤੀ ਠਾਠਾਂ ਮਾਰਦੀ ਹੈ।

## 9.

**ਇਤਨੀ** ਗੱਲ ਕਹਿਕੇ ਸੰਤ ਚੁੱਪ ਹੋ ਗਏ। ਉਹ ਸਮਾਧਿ ਵਿਚ ਜੁੜਦੇ ਜਾਂਦੇ ਸਨ। ਅਸੀਂ ਸਾਰੇ ਹੌਲੇ ਹੌਲੇ ਖਿਸਕਵੇਂ ਪੈਰ ਉਥੋਂ ਉਠ ਗਏ।

ਮੈਂ ਝੌਂਪੜੀ ਵਲ ਚਲਾ ਗਿਆ। ਅੰਦਰੋਂ ਪਾਰੋ ਦੀ ਆਵਾਜ਼ ਆ ਰਹੀ ਸੀ:- ਤੂੰ ਲਾਡੋ ਮਾਡੋ ਕਿਛਦੀ ਏਂ? ਇਕ ਨੰਨ੍ਹੀ ਆਵਾਜ਼ ਉੱਤਰ ਦੇ ਰਹੀ ਸੀ, ਪਾਰੋ ਦੀ। ਏਸ ਤਰ੍ਹਾਂ ਸੁਆਲ ਜੁਆਬ ਹੋ ਰਹੇ ਸਨ ਤੂੰ ਚੰਨ ਕਿਸਦਾ ਹੈਂ? ਪਾਰੋ ਦਾ। ਤੂੰ ਤਾਰਾ ਕਿਸਦਾ ਹੈਂ, ਪਾਰੋ ਦਾ। ਤੂੰ ਸੂਰਜ ਕਿਸਦਾ ਹੈਂ, ਪਾਰੋ ਦਾ.......

ਪਾਰੋ ਹਜ਼ਾਰਾਂ ਚੀਜ਼ਾਂ ਦੇ ਨਾਮ ਲੈ ਲੈ ਕੇ ਪੁੱਛੀ ਜਾਂਦੀ ਸੀ। ਏਸ ਸਾਰੇ ਸਹੰਸਰ ਨਾਮੇ ਦਾ ਜੁਆਬ ਇਕੋ ਹੀ ਆ ਰਿਹਾ ਸੀ, ਪਾਰੋ ਦਾ, ਪਾਰੋ ਦਾ। ਮੈਨੂੰ ਈਰਖਾ ਆ ਰਹੀ ਸੀ। ਰਾਮ ਪਿਆਰੀ ਸਭ ਕੁਛ ਪਾਰੋ ਦਾ ਹੀ ਬਣੀ ਜਾ ਰਹੀ ਸੀ।

ਪਰ ਰਾਮ ਪਿਆਰੀ ਨੂੰ ਆਪਣਾ ਬਨਾਉਣ ਲਈ ਖੇਡ ਖੇਡਣੀ ਆਸਾਨ ਗੱਲ ਨਹੀਂ ਸੀ। ਪਾਰੋ ਨੇ ਉਸ ਨੂੰ ਝੋਲੀ ਪਾ ਲਿਆ ਸੀ। ਉਸਦੀ ਬੁਖਾਰ ਕੰਬਣੀ ਅਪਣੀ ਛਾਤੀ ਦੀ ਨਿੱਘ ਨਾਲ ਹਟਾ ਦਿਤੀ ਸੀ, ਉਸ ਵਿਲਕਦੇ ਬੋਟ ਨੂੰ ਅਪਣੇ ਖੰਭਾਂ ਹੇਠ ਲੁਕਾਕੇ ਕਾਲ ਬਿੱਲੇ ਦੀ ਨਜ਼ਰੋਂ ਉਹਲੇ ਕਰ ਦਿਤਾ ਸੀ। ਉਸ ਦੇ ਮੂੰਹ ਨੂੰ ਚੁੰਮਕੇ ਉਸ ਦੇ ਅੰਦਰੋਂ ਇਕੱਲ ਦਾ ਹਊਆ ਕੱਢ ਦਿਤਾ ਸੀ। ਉਸ ਦੇ ਸੁਕੇ ਸੰਘ ਨੂੰ ਦੁਧ ਨਾਲ ਤਰ ਕਰ ਦਿਤਾ ਸੀ, ਕਿ ਉਹ ਜੋ ਖਈ ਰੋਗ ਨਾਲ ਮਰ ਰਹੀ ਸੀ ਹੁਣ ਸੇਹਤ ਵਿਚ ਪੁੰਗਰ ਰਹੀ ਸੀ। ਪਾਰੋ ਦਾ ਪਿਆਰ

ਸੀ ਕਿ ਤਪਦਿਕ ਦੀ ਸ਼ਰਤੀਆ ਗੋਲੀ ਸੀ। ਹਾਂ ਰਾਮਪਿਆਰੀ ਨਾਲ ਲਾਡੋ ਮਾਡੋ ਕਰਨੀ ਬੜੇ ਮੁੱਲ ਦੀ ਗੱਲ ਹੈ, ਮਹਿੰਗੇ ਮੁੱਲ ਦੀ। ਏਸ ਜੰਗਲ ਵਿਚ ਕੌਣ ਇਹ ਕੀਮਤ ਦੇ ਸਕਦਾ ਹੈ ਸਿਵਾਏ ਪਾਰੋ ਦੇ ਜਾਂ ਫਕੀਰ ਸਾਈਂ ਦੇ ਜਾਂ ਸੰਤ ਨਿਧਾਨ ਸਿੰਘ ਦੇ?

ਮੈਂ ਝੌਂਪੜੀ ਤੋਂ ਪਰੇ ਚਲਾ ਗਿਆ। ਸੂਰਾਂ ਵਾਲੇ ਮਚਾਨ ਦੇ ਉਪਰ ਚੜ੍ਹ ਗਿਆ। ਹਵਾ ਠੰਢੀ ਚਲ ਰਹੀ ਸੀ। ਬਰੇਤੀ ਚਮਕ ਰਹੀ ਸੀ। ਸੰਤ ਨਿਧਾਨ ਸਿੰਘ ਸਮਾਧ ਵਿਚ ਅਡੋਲ ਬੈਠੇ ਸਨ।

## 10.

**ਅਗਲੇ** ਦਿਨ ਸੰਤਾਂ ਫੇਰ ਬਚਨ ਆਰੰਭ ਕੀਤੇ। ਆਖਿਓ ਨੇ:- ਭਾਈ ਕਨ੍ਹੱਯਾ ਜੋਗੀ ਸੀ, ਅਭਯਾਸੀ ਸੀ। ਉਹ ਧਿਆਨੀ ਸੀ। ਕਈ ਕਈ ਦਿਨ ਧਿਆਨ ਪਰਾਇਣ ਹੋ ਅਫੁਰ ਸਮਾਧਿ ਵਿਚ ਨਦੀ ਕਿਨਾਰੇ ਬੈਠਦਾ ਸੀ। ਉਸ ਨੂੰ ਪਤਾ ਸੀ ਅੰਦਰ ਵੀ ਪ੍ਰਾਣਾਂ ਦੀ ਇਕ ਨਦੀ ਚਲ ਰਹੀ ਹੈ। ਇਸ ਦੀਆਂ ਵੀ ਦੋ ਸ਼ਾਖਾਂ ਹਨ। ਇਹ ਦੋ ਸ਼ਾਖਾਂ ਅੰਦਰ ਦੀਆਂ ਦੋ ਨਾੜੀਆਂ ਹਨ। ਇਨ੍ਹਾਂ ਵਿਚ ਪ੍ਰਾਣ ਵਾਯੂ ਚਲਦੀ ਹੈ। ਇਹ ਜੋਗ ਦੀਆਂ ਗੱਲਾਂ ਹਨ, ਹਠ ਯੋਗ ਦੀਆਂ। ਸਾਰੇ ਅਭਯਾਸੀਆਂ ਨੂੰ ਇਨ੍ਹਾਂ ਨਾੜਾਂ ਦਾ ਪਤਾ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਜ਼ਿਕਰ ਹੈ। ਸਿਰਫ ਇਨ੍ਹਾਂ ਦੋ ਦਾ ਹੀ ਨਹੀਂ, ਤੀਜੀ ਨਾੜੀ ਦਾ ਵੀ। ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਫੁਰਮਾਉਂਦੇ ਹਨ:-

**"ਇੜਾ ਪਿੰਗੁਲਾ ਅਉਰ ਸੁਖਮਨਾ**
**ਤੀਨਿ ਬਸਹਿ ਇਕ ਠਾਈ॥"**

(ਰਾਮਕਲੀ ਬਾਣੀ ਬੇਣੀ ਜੀਉ ਕੀ, ਪੰਨਾ ੯੭੪)

ਸੋ ਇਹ ਤਿੰਨ ਨਾੜਾਂ ਹਨ। ਇਨ੍ਹਾਂ ਦੇ ਨਾਮ ਹਨ ਇੜਾ, ਪਿੰਗਲਾ ਅਤੇ ਸੁਖਮਨਾ। ਇੜਾ ਖੱਬੇ ਪਾਸੇ ਹੁੰਦੀ ਹੈ। ਖੱਬੀ ਨਾਸ ਤੋਂ ਲੈ ਕੇ ਪਿਠ ਦੇ ਖੱਬੇ ਪਾਸਿਓਂ ਹੁੰਦੀ ਹੋਈ ਸਿਰ ਵਿਚ ਪਹੁੰਚਦੀ ਹੈ। ਇਸ ਨਾੜੀ ਦੁਾਰਾ ਯੋਗੀ ਪ੍ਰਾਣਾਯਾਮ ਦਾ ਅਭਯਾਸ ਕਰਦੇ ਹਨ। ਪਿੰਗਲਾ ਸਜੇ ਪਾਸੇ ਹੈ, ਤੇ ਸੁਖਮਨਾ ਵਿਚਕਾਰ। ਤੰਤ੍ਰ ਗ੍ਰੰਥਾਂ ਵਿਚ ਇਨ੍ਹਾਂ ਤਿੰਨਾਂ ਦਾ ਬੜੇ ਵਿਸਤਾਰ ਨਾਲ ਉਲੇਖ ਹੈ। ਸਮਾਧੀਆਂ ਲਾਉਣ ਵਾਲੇ ਸਾਰੇ ਸਾਧੂ ਇਨ੍ਹਾਂ ਨੂੰ ਵਰਤਣ ਵਿਚ ਲਿਆਉਂਦੇ ਹਨ।

ਉਹਨਾਂ ਲੋਕਾਂ ਲਈ, ਜੋ ਹਠ ਯੋਗ ਵਲ ਨਹੀਂ ਜਾਂਦੇ, ਮਾਮਲਾ ਜ਼ਿਆਦਾ ਸਿੱਧਾ ਹੈ। ਉਨ੍ਹਾਂ ਲਈ ਇਕੋ ਰਸਤਾ ਹੈ ਉਹ ਹੈ 'ਸਚ ਮਾਰਗ', ਇਹ ਦਰਯਾ ਵਾਕੁਣ ਚਲ ਰਿਹਾ ਹੈ। ਇਸ ਦੀਆਂ ਦੋ ਸ਼ਾਖਾਂ ਹੋ ਗਈਆਂ ਹਨ ਇਕ ਪ੍ਰੇਮ ਤੇ ਦੂਜੀ ਸੇਵਾ।

ਮੈਂ ਇਹ ਕਹਿ ਸਕਦਾ ਹਾਂ ਕਿ ਸੇਵਾ ਵਾਲੀ ਸ਼ਾਖ ਦਾ ਨਾਮ 'ਇੜਾ' ਤੇ ਪ੍ਰੇਮ ਵਾਲੀ ਸ਼ਾਖ ਦਾ ਨਾਮ 'ਪਿੰਗਲਾ' ਹੈਂ। ਇਥੋਂ ਤਕ ਤਾਂ ਸਾਡੇ ਮਤ ਨਾਲ ਕਿਸੇ ਦਾ ਵਿਖਾਂਧ ਨਹੀਂ ਹੋ ਸਕਦਾ ਪਰ ਅਸੀਂ ਇਕ ਗੱਲ ਹੋਰ ਕਹਿੰਦੇ ਹਾਂ। ਸਾਡੀ ਬੋਲੀ ਵਿਚ ਪਿੰਗਲਾ ਸ਼ਬਦ ਦੇ ਇਕ ਹੋਰ ਅਰਥ ਹਨ। ਪਿੰਗਲਾ ਕਹਿੰਦੇ ਹਨ ਲੰਗੜੇ ਨੂੰ।

ਇਸ ਦਾ ਮਤਲਬ ਇਹ ਹੋਇਆ ਕਿ ਪ੍ਰੇਮ, ਬਗ਼ੈਰ ਸੇਵਾ ਭਾਵ ਦੇ, ਲੰਙਾ ਹੈ। ਉਹ ਚਲ ਨਹੀਂ ਸਕਦਾ। ਉਹ ਆਪਣੇ ਸਾਰੇ ਕਾਰਯ ਸਾਧ ਨਹੀਂ ਸਕਦਾ। ਇਕ ਪੈਰ ਦੇ ਭਾਰ ਬੰਦਾ ਕੀ ਕਰ ਸਕਦਾ ਹੈ? ਲੰਙਾ ਲੰਙਾ ਡੋਰੀਆ ਖੇਡਕੇ ਦਸ ਕਦਮਾਂ ਤੇ ਥੱਕ ਕੇ ਬੈਠ ਜਾਏਗਾ। ਦੋ ਪੈਰਾਂ ਨਾਲ ਆਦਮੀ ਕਈ ਕੋਹ ਦਾ ਪੈਂਡਾ ਮਾਰ ਲੈਂਦਾ ਹੈ। ਪ੍ਰੇਮ ਤੇ ਸੇਵਾ ਨੂੰ ਮਿਲਾਕੇ ਹੀ ਆਦਮੀ ਸਚ ਮਾਰਗ ਦਾ ਜੀਵਨ ਬਿਤੀਤ ਕਰ ਸਕਦਾ ਹੈ। ਪਰ ਜਿਨ੍ਹਾਂ ਨੂੰ ਤੀਸਰੀ ਚੀਜ਼ ਦੀ ਸਮਝ ਹੈ, ਉਹਨਾਂ ਕੋਲ ਅਟੁਟ ਖਜ਼ਾਨਾ ਹੈ। ਜੋ ਪ੍ਰੇਮ ਤੇ ਸੇਵਾ ਨੂੰ ਸਮਤਲ ਵਰਤਦੇ ਹਨ, ਜੋ ਭਾਵ ਤੇ ਕਰਤਬ ਨਾਲ ਆਪਣੇ ਜੀਵਨ ਨੂੰ ਸਾਂਵੇਂ ਤੋਲ ਰਖਦੇ ਹਨ ਉਹਨਾਂ ਨੂੰ 'ਸਹਿਜ' ਪ੍ਰਾਪਤ ਹੋ ਜਾਂਦੀ ਹੈ। ਉਸ ਵੇਲੇ ਮਨ ਤੀਸਰੀ ਥਾਂਵੇਂ ਟਿਕਣ ਲਗਦਾ ਹੈ। ਇਸ ਨੂੰ ਸੁਖਮਨਾ ਨਾੜੀ ਕਹਿੰਦੇ ਹਨ।* ਪਹਿਲੀਆਂ ਦੋ ਨਾੜੀਆਂ ਚਲਦੀਆਂ ਰਹਿੰਦੀਆਂ ਹਨ, ਗਤੀਵਾਨ ਹਨ। ਤੀਜੀ ਦੋਨਾਂ ਦੇ ਵਿਚਕਾਰ ਟਿਕਾਉ ਦਾ ਠਉਰ ਹੈ। ਇਹ ਇਕ ਟਿੱਬਾ ਹੈ ਜਿਥੇ ਮਤਿ ਵਸਦੀ ਹੈ। ਸਿਖਾਂ ਦਾ ਮਨ ਨੀਵਾਂ ਮਤਿ ਉਚੀ। ਇਹ ਉਚੀ ਮਤਿ ਦਾ ਟਿੱਬਾ ਹੈ। ਇਹ ਉਹ ਮਤਿ ਹੈ; ਉਹ, ਜਿਸ ਮਤਿ ਵਿਚ:-

**'ਮਤਿ ਵਿਚਿ ਰਤਨ ਜਵਾਹਰ ਮਾਣਿਕ'**

* ਪੂਰੇ ਗੁਰ ਕੀ ਸਾਚੀ ਬਾਣੀ॥ ਸੁਖਮਨ ਅੰਤਰਿ ਸਹਜਿ ਸਮਾਣੀ (ਧਨਾ:ਮ: 3)


www.sikhbookclub.com

ਹੁੰਦੇ ਹਨ। ਭਾਈ ਕਨ੍ਹੱਯਾ ਪਰਮਯੋਗੀ ਸੀ। ਉਹ ਸੁਖਮਨਾ ਵਿਚ ਵਸਦਾ ਸੀ। ਏਥੇ ਨਿਵਾਸ ਕਰਨ ਵਾਲੇ ਕੋਲ ਪਾਰਸ ਹੁੰਦਾ ਹੈ।

**'ਨਿਜ ਘਰਿ ਪਾਰਸੁ ਤਜਹੁ ਗੁਨ ਆਨ'॥**
(ਗਉੜੀ ਕਬੀਰ ਜੀ, ਪੰਨਾ- ੩੨੫)

ਭਾਈ ਕਨ੍ਹਯਾ ਦੀ ਨਜ਼ਰ ਵਿੱਚ ਪਾਰਸ ਸੀ। ਏਹੋ 'ਪਾਰਸ ਦ੍ਰਿਸ਼ਟੀ' ਉਸ ਨੇ ਮੁਗ਼ਲ ਖਾਂ ਉੱਪਰ ਸੁੱਟੀ, ਮੁਗ਼ਲਖਾਂ ਦੀ ਹਸਤੀ ਬਦਲ ਗਈ। ਉਸ ਦੀ ਦੁਬਿਧਾ ਹਟ ਗਈ। ਉਸ ਦੀ ਉਹ ਪਕੜ ਹਟ ਗਈ, ਜਿਸ ਨਾਲ ਦਿੱਤੀ ਗਈ ਵਸਤ ਸੂਖਮ ਸੰਕਲਪ ਦੀ ਰੇਸ਼ਮੀ ਤਾਰ ਨਾਲ ਪਕੜੀ ਰਹਿੰਦੀ ਹੈ, ਜੋ ਦਾਨ ਨੂੰ ਸਫਲ ਨਹੀਂ ਹੋਣ ਦਿੰਦੀ, ਸਗੋਂ ਦਾਨ ਨੂੰ ਬੰਧਨ ਬਣਾ ਦੇਂਦੀ ਹੈ। ਨੇਕ ਕਰਮ ਤੇ ਦਾਨ ਇਕ ਪਤਲੇ ਹਉਮੈ ਦੇ ਸੰਸਕਾਰ ਪੜਦੇ ਨਾਲ ਲਟਕਦੇ ਰਹਿੰਦੇ ਹਨ, ਜਿਸ ਤਰ੍ਹਾਂ ਮਕੜੀ ਆਪਣੀ ਹੀ ਬਰੀਕ ਤਾਰ ਨਾਲ ਲਟਕ ਪੈਂਦੀ ਹੈ:-

**"ਕਰਮ ਕਰਤ ਬਧੇ ਅਹੰਮੇਵ॥**
**ਮਿਲਿ ਪਾਥਰ ਕੀ ਕਰਹੀ ਸੇਵ॥"**
(ਗਉੜੀ ਕਬੀਰ ਜੀ, ਪੰਨਾ ੩੨੪)

ਓਹ ਗੁਰੂ ਦੀ ਸੇਵਾ ਨਹੀਂ ਕਰਦੇ। ਓਹ ਉਸੇ ਪੱਥਰ ਦੀ ਸੇਵਾ ਕਰਦੇ ਹਨ ਜਿਸ ਨੂੰ ਓਹ ਆਪਣੀ ਵਲੋਂ ਅਰਪਨ ਕਰ ਗਏ ਸਨ। ਉਨ੍ਹਾਂ ਦੇ ਦਿਤੇ ਹੋਏ ਪਾਰਸ ਵੀ ਉਨ੍ਹਾਂ ਨੂੰ ਹੀ ਡੋਬਣ ਵਾਲੇ ਪੱਥਰ ਬਣ ਜਾਂਦੇ ਹਨ।

ਅਸਲ ਪਾਰਸ ਭਾਈ ਕਨ੍ਹਯਾ ਦੀ ਦ੍ਰਿਸ਼ਟੀ ਵਿਚ ਸੀ, ਜਿਸ ਵੇਲੇ ਉਹ ਦ੍ਰਿਸ਼ਟੀ ਨਦੀ ਦੇ ਪੱਥਰਾਂ ਉਪਰ ਪਈ ਉਹ ਚਮਕਣ ਲੱਗ ਪਏ। ਏਸੇ ਚਮਤਕਾਰ ਨੇ ਮੁਗ਼ਲ ਖਾਂ ਦੇ ਪਕੜ ਵਾਲੇ ਧਿਆਨ-ਬੰਧਨ ਕਟ ਦਿਤੇ। ਮੁਗ਼ਲ ਖਾਂ ਬਦਲ ਗਿਆ। ਉਸ ਦੀ ਦ੍ਰਿਸ਼ਟੀ ਵੀ ਚਮਤਕਾਰੀ ਹੋ ਗਈ। ਉਹ ਉਥੇ ਟਿੱਬੇ ਦੀ ਰਸਾਇਣ ਨੂੰ ਦੇਖਕੇ ਭਾਈ ਅੱਡਣ ਨੂੰ 'ਪਾਰਸ ਭਾਗ' ਕਿਤਾਬ ਲਿਖਣ ਦਾ ਉਦਮ ਉਪਜਿਆ।

ਹੇ ਗੁਰੂ ਦੇ ਸਿੱਖ, ਇਹ ਅੰਦਰ ਦੀ ਰਸਾਇਣ ਹੈ ਜੋ ਕੇਵਲ ਪੁਸਤਕਾਂ ਵਾਚਣ ਨਾਲ ਨਹੀਂ ਆਉਂਦੀ। ਨਿਰੀ ਫ਼ਿਲਾਸਫ਼ੀ ਪਰਮ ਪੁਰਖ ਦਾ ਦਰਸ਼ਨ

ਨਹੀਂ ਕਰਾ ਸਕਦੀ। ਜਿਸ ਵੇਲੇ ਦਰਸ਼ਨ ਦਾ ਝਲਕਾਰਾ ਵੱਜਣ ਲੱਗਦਾ ਹੈ ਤਾਂ ਉਹ ਵੱਜਦਾ ਵੱਜਦਾ ਖਿਸਕ ਜਾਂਦਾ ਹੈ, ਉਹ ਪਕੜਿਆ ਨਹੀਂ ਜਾਂਦਾ ਉਹ ਤਦ ਹੀ ਪਕੜਿਆ ਜਾਂਦਾ ਹੈ ਜੇ ਉਸ ਨਿਰਾਕਾਰ ਝਲਕੇ ਨੂੰ ਕਰਮ ਵਿਚ ਸਾਕਾਰ ਕਰ ਲਈਏ। ਇਹ ਤਰਕੀਬ ਹੈ ਸੂਖਮ ਨੂੰ ਅਸਥੂਲ ਕਰਨ ਦੀ, ਨਾ ਫੜੀ ਜਾਣ ਵਾਲੀ ਵਸਤੂ ਨੂੰ ਪਕੜ ਲੈਣ ਦੀ। ਦੇਖੋ ਜੀ ਇਕ ਪੈਰ ਉਤੇ ਚਲਣ ਵਾਲਾ ਬੰਦਾ ਝਟ ਹੀ ਡਿਗ ਪੈਂਦਾ ਹੈ, ਪਰ ਜੇ ਦੂਜਾ ਪੈਰ ਨਾਲ ਸਹਾਈ ਹੋਵੇ ਤਾਂ ਕੰਮ ਸਰ ਜਾਂਦਾ ਹੈ। ਕਿਉਂ ? ਸਿਰਫ ਏਸ ਕਰਕੇ ਕਿ ਇਕ ਪੈਰ, ਕਦਮ ਚੁਕਦਿਆਂ ਹੀ ਜਿਸ ਵੇਲੇ ਖਿਸਕਣ ਲੱਗਦਾ ਹੈ ਤਾਂ ਦੂਸਰਾ ਪੈਰ ਸੰਭਾਲ ਕਰ ਲੈਂਦਾ ਹੈ। ਦੋ ਪੈਰਾਂ ਵਾਲਾ ਬੰਦਾ ਐਸ ਤਰਤੀਬ ਨਾਲ ਯਾਤ੍ਰਾ ਸਫਲ ਕਰ ਲੈਂਦਾ ਹੈ। ਢਹਿੰਦਾ ਨਹੀਂ, ਖਿਸਕਦਾ ਨਹੀਂ, ਤਿਲਕਦਾ ਨਹੀਂ, ਥੱਕਦਾ ਨਹੀਂ। ਏਸ ਤਰ੍ਹਾਂ ਪ੍ਰੇਮ ਅਤੇ ਸੇਵਾ ਦੀ ਗੱਲ ਹੈ, ਬਗ਼ੈਰ ਸੇਵਾ ਦੇ ਪ੍ਰੇਮ ਸੰਭਲਦਾ ਨਹੀਂ, ਉਹ ਲੜਖੜਾਉਣ ਲੱਗ ਜਾਂਦਾ ਹੈ। ਸੇਵਾ ਉਸ ਨੂੰ ਸੰਭਾਲ ਲੈਂਦੀ ਹੈ। ਸੇਵਾ ਵਿਹੂਣ ਪ੍ਰੇਮ ਗਿਰਾਵਟ ਵਲ ਚਲਾ ਜਾਂਦਾ ਹੈ। ਉਹ ਠਹਿਰ ਨਹੀਂ ਸਕਦਾ। ਪ੍ਰੇਮ ਦੀ ਠੌਰ ਹੈ ਹੀ ਸੇਵਾ। ਨਿਰਾ ਧਿਆਨ ਤੇ ਨਿਰਾ ਸਮਾਧਿ ਇਹ ਵੀ ਲੰਗੜੀਆਂ ਲੰਗੜੀਆਂ ਚੀਜ਼ਾਂ ਹਨ। ਬਗ਼ੈਰ ਦੂਜੀ ਲੱਤ ਦੇ। ਦੂਜੀ ਲੱਤ ਕਮਰ ਦੀ ਹੈ, ਬਗ਼ੈਰ ਏਸ ਦੇ ਸਮਾਧਿ ਦ੍ਰਿੜਤਾ ਨੂੰ ਨਹੀਂ ਅਪੜਦੀ। ਸਮਾਧਿ ਭਾਵੇਂ ਕਈ ਜਨਮ ਲੱਗੀ ਰਹਵੇ ਉਹ ਦ੍ਰਿੜ ਨਹੀਂ। ਜਨਮ ਤਾਂ ਸਿਰਫ ਕਾਲ ਦੀ ਚੀਜ਼ ਹੈ। ਦ੍ਰਿੜ ਹੋਣ ਲਈ ਚੀਜ਼ 'ਅਕਾਲ ਸਥਿਰ' ਚਾਹੀਦੀ ਹੈ। ਸਥਿਰਤਾ ਤਦੇ ਹੀ ਪੈਦਾ ਹੁੰਦੀ ਹੈ ਜੇ ਸਮਾਧਿ ਵਿਚ ਹੋਏ 'ਅਸਥਿਰ ਦਰਸ਼ਨ' ਨੂੰ ਕਰਮ ਦ੍ਰਿੜਤਾ ਵਿਚ ਪ੍ਰਗਟਾ ਲਿਆ ਜਾਵੇ।

ਦੇਖੋ ਸਾਡੇ ਸੰਤ ਭਾਈ ਭਲਾ ਰਾਮ ਜੀ ਹੋਏ ਹਨ। ਉਨ੍ਹਾਂ ਦੇ ਗਿਰਦ ਕਥਾ ਕੀਰਤਨ ਦਾ ਬੜਾ ਪ੍ਰਭਾਵ ਰਹਿੰਦਾ ਸੀ। ਸਾਡੇ ਗ੍ਰੰਥਾਂ ਵਿਚ ਲਿਖਿਆ ਹੈ:-

"ਭਾਈ ਭਲਾ ਰਾਮ ਜੀ ਕੀ ਭਗਤਿ ਕਰਕੈ ਸੰਤ ਇਕਤ੍ਰ ਆਨ ਹੋਏ ਤਬ ਭਾਈ ਸਹਜ ਰਾਮ ਜੀ ਭੀ ਆਏ। ਅਰ ਬਡੇ ਪ੍ਰੇਮ ਸਾਥ ਕੀਰਤਨ ਕਰਨ, ਜਬ ਬੈਠੇ ਤਬ ਸਭ ਸਾਧ ਸੰਗਤ ਬੈਠਕੈ ਸੁਨੇ। ਪਰ ਕੈਸੇ ਸੁਨੈ ? ਜੋ ਮਾਨੋ ਜੁਗੀਸ੍ਰ ਧਿਆਨ ਲਗਾਈ ਬੈਠੇ ਹੈਂ। ਅਰ ਭਾਈ ਗਾਹੜੂ ਏਕ ਸਾਧ ਅਰ ਦੂਸਰਾ ਭਾਈ ਮੰਗੂ ਜੀ, ਇਹ ਦੋਨੋਂ ਫਾਰਸੀ ਪੜੇ ਹੂਏ ਥੇ ਅਰ ਭਾਈ ਅਡਣ ਸਾਹਿਬ ਜੀ ਪਾਸ ਰਹਿਤੇ ਥੇ ਸੋ ਕਥਾ ਸੁਨਾਵੈਂ ਪਾਰਸ ਭਾਗ ਕੀ ਅਰ ਮਸਨਵੀ ਕੀ।

ਅਰ ਸਭ ਸਾਧ ਸੰਗਤ ਸੁਨਹਿਂ। ਸੋ ਕੈਸੇ, ਜੋ ਮੁੰਢ ਵਟਣੇ ਵਾਲੇ ਮੁੰਢ ਵਟਹਿਂ ਅਰ ਸੀਵਣੇ ਵਾਲੇ ਕਪੜੇ ਸੀਵੈਂ ਬੈਠੇ।" (ਸ੍ਰੀ ਸੰਤ ਰਤਨਮਾਲ-ਸਫਾ 293)

ਫੇਰ ਸੰਤ ਨਿਧਾਨ ਸਿੰਘ ਜੀ ਨੇ ਕਿਹਾ:-

ਭਾਈ ਭਲਾ ਰਾਮ ਜੀ ਬੜੇ ਸਮ੍ਰੱਥ ਸਨ, ਉਹਨਾਂ ਦੇ ਦਰਬਾਰ ਵਿਚ ਅਕਹਿ ਰਸ ਚੋਂਦਾ ਸੀ। ਕਥਾ ਸੁਣਨ ਵਾਲੇ ਕਥਾ ਸੁਣਦੇ ਸਨ ਐਸ ਤਰ੍ਹਾਂ ਜਿਸ ਤਰ੍ਹਾਂ ਜੁਗੀਸ਼੍ਵਰ ਧਿਆਨ ਲਗਾਈ ਬੈਠੇ ਹਨ। ਪਰ ਖ਼ੂਬੀ ਇਹ ਹੈ ਕਿ ਕਥਾ ਵਿਚ ਬੈਠੇ ਵੀ 'ਜੋ ਮੁੰਢ ਵਟਣੇ ਵਾਲੇ ਮੁੰਢ ਵਟਹਿਂ ਅਰ ਸੀਵਣੇ ਵਾਲੇ ਕਪੜੇ ਸੀਵੈਂ ਬੈਠੇ।'

ਨਿਰਾਕਾਰ ਦਾ ਧਿਆਨ ਬੜੀ ਚਪਲ ਵਸਤੂ ਹੈ। ਉਸ ਦਾ ਦਰਸ਼ਨ ਪੈਂਦਿਆਂ ਹੀ ਤਿਲਕ ਜਾਂਦਾ ਹੈ। ਧਿਆਨ ਉਸ ਨੂੰ ਪਕੜ ਨਹੀਂ ਸਕਦਾ। ਹਥਾਂ ਦੀ ਚਪਲਤਾਈ ਉਸ ਦੀ ਖਿਸਕਦੀ ਗਤੀ ਨਾਲ ਸਹਚਾਰ ਕਰ ਲੈਂਦੀ ਹੈ। ਛਾਣਨੀ ਵਿਚੋਂ ਵਗਦਾ ਪਾਣੀ, ਡੋਲ ਵਿਚ ਅਡੋਲ ਟਿਕ ਜਾਂਦਾ ਹੈ।

## 11.

**ਮੈਂ** ਸੁਆਲ ਪੁੱਛਣ ਹੀ ਲਗਾ ਸਾਂ, ਕਿ ਰਾਮ ਪਿਆਰੀ ਦੌੜਦੀ ਦੌੜਦੀ ਆ ਗਈ, ਆਕੇ ਧੜੰਮ ਸੰਤਾਂ ਦੀ ਝੋਲੀ ਵਿਚ ਬੈਠ ਗਈ। ਰਾਮ ਪਿਆਰੀ ਨੇ ਕਿਹਾ : ਪਾਰੋ ਮਾਰਦੀ।

ਅਸੀਂ ਸਾਰੇ ਹਸ ਪਏ। ਫਕੀਰ ਸਾਂਈਂ ਨੇ ਕਿਹਾ: ਰਾਮ ਪਿਆਰੀ! ਮੇਰੇ ਕੋਲ ਆਜਾ। ਉਹ ਝਟ ਚਲੀ ਗਈ। ਪਰ ਬਰੇਤੀ ਦੇ ਲਿਸ਼ਕਵੇਂ ਪਥਰਾਂ ਵਲ ਇਸ਼ਾਰਾ ਕਰਕੇ ਕਿਹਾ: 'ਉਥੇ'। ਅਸੀਂ ਸਾਰੇ ਹੱਸ ਪਏ। ਰਾਮ ਪਿਆਰੀ ਆਪ ਹੀ ਪਾਣੀ ਵਿਚ ਵੜਨਾ ਚਾਹੁੰਦੀ ਸੀ ਜਿਸ ਤੋਂ ਪਾਰੋ ਹਟਕਦੀ ਸ਼ੀ ਤੇ ਏਸ ਗਲ ਦੀ ਸ਼ਿਕੈਤ ਅਜ ਸੰਤਾਂ ਮੋਹਰੇ ਲਗ ਰਹੀ ਸੀ। ਫਕੀਰ ਸਾਂਈਂ ਨੇ ਰਾਮ ਪਿਆਰੀ ਨੂੰ ਕੁਛੜ ਲੈ ਲਿਆ, ਪਾਣੀ ਵਿਚ ਵੜ ਗਿਆ ਤੇ ਬਰੇਤੀ ਜਾ ਬੈਠਾ। ਰਾਮ ਪਿਆਰੀ ਉਨ੍ਹਾਂ ਗੀਟਿਆਂ ਨਾਲ ਖੇਡਣ ਲਗ ਪਈ। ਮੇਰਾ ਦਿਲ ਵੀ ਸੀ ਮਗਰੇ ਜਾਵਾਂ ਪਰ ਸੰਗ ਗਿਆ। ਮੈਂ ਸੁਣਿਆ ਬਰੇਤੀ ਵਿਚ ਇਕ ਗੁਫਾ ਵੀ ਹੈ, ਜਿਥੇ ਬੈਠਕੇ ਫਕੀਰ ਸਾਂਈਂ ਪਾਰਸ ਭਾਗ ਦਾ ਫਾਰਸੀ ਵਿਚ ਤਰਜਮਾ ਕਰ ਰਿਹਾ ਹੈ। ਪਾਰਸ ਭਾਗ ਅਗੇ ਹੀ ਇਮਾਮ ਗ਼ਜ਼ਾਲੀ ਦੀ ਪੁਸਤਕ ਦਾ ਇਕ ਸੁਤੰਤ੍ਰ ਤਰਜਮਾ ਹੈ। ਪਰ ਫਕੀਰ ਦਾ ਖਿਆਲ ਸੀ ਕਿ ਏਸ ਤਰਜਮੇ ਦੇ

ਤਰਜਮੇ ਨਾਲ ਸਿਖ ਅਤੇ ਮੁਸਲਮਾਨਾਂ ਵਿਚ ਇਕ ਦੂਜੇ ਦੇ ਨੁਕਤੇ ਦੀ ਪਰਸਪਰ ਸਮਝ ਵਧ ਜਾਏਗੀ।

## 12.

**ਅਗਲੇ** ਦਿਨ ਫੇਰ ਅਸੀਂ ਸਾਰੇ ਬਰੇਤੀ ਵਲ ਮੂੰਹ ਕਰਕੇ ਬੈਠੇ ਸਾਂ ਤਾਂ ਵਾਰਤਾਲਾਪ ਆਰੰਭ ਹੋ ਗਈ।

ਮੈਂ ਕਿਹਾ: ਜੀ, ਜੋ ਤੁਸੀਂ ਆਖਦੇ ਹੋ ਠੀਕ ਹੈ। ਤੁਹਾਡੀਆਂ ਗੱਲਾਂ ਨਰਮ ਨਰਮ ਬਰਖਾ ਵਾਕੁਣ ਅੰਦਰ ਧਸਦੀਆਂ ਹਨ, ਮਨ ਵਿਚ ਵੱਤਰ ਸਿੰਜਰਦਾ ਜਾਂਦਾ ਹੈ ਪਰ ਇਕ ਔਖਿਆਈ ਬੜੀ ਹੈ। ਅਸਾਂ ਸੁਣਿਆ ਸੀ ਕਿ ਕਰਮ ਬੰਧਨ ਹੈ ਅਤੇ ਗਿਆਨ ਬਿਨਾਂ ਮੁਕਤੀ ਨਹੀਂ। ਕਹਿਣ ਲਗੇ: ਗੱਲ ਇਹ ਵੀ ਠੀਕ ਹੈ ਪਰ ਸਮਝਣ ਵਿਚ ਜ਼ਰਾ ਫਰਕ ਹੈ।

ਦੇਖੋ ਜੀ- ਭਗਤ ਰਵਿਦਾਸ ਜੀ ਨੇ ਕਿਹਾ ਸੀ:-

**"ਫਲ ਕਾਰਨ ਫੂਲੀ ਬਨਰਾਇ॥**
**ਫਲੁ ਲਾਗਾ ਤਬ ਫੂਲੁ ਬਿਲਾਇ॥**
**ਗਿਆਨੈ ਕਾਰਨ ਕਰਮ ਅਭਿਆਸੁ॥**
**ਗਿਆਨੁ ਭਇਆ ਤਹ ਕਰਮਹ ਨਾਸੁ॥"**
(ਭੈਰਉ ਰਵਿਦਾਸ ਜੀ, ਪੰਨਾ ੧੧੬੭)

ਏਸ ਤੋਂ ਗਿਆਨ ਨਿਸ਼ਟਾ ਵਾਲੇ ਏਹੋ ਕਹਿਣਗੇ ਕਿ ਕਰਮ ਦੀ ਕੋਈ ਲੋੜ ਨਹੀਂ, ਕਰਮ ਬੇਜ਼ਰੂਰੀ ਹੈ, ਗਿਆਨ ਹੀ ਸਭ ਕੁਛ ਹੈ। ਜੇ ਬਾਰੀਕ ਸਮਝ ਨਾਲ ਦੇਖੀਏ ਤਾਂ ਇਨ੍ਹਾਂ ਤੁਕਾਂ ਦਾ ਭਾਵ ਕਿਸੇ ਹੋਰ ਤਰ੍ਹਾਂ ਦੀ ਵਚਿਤ੍ਰਤਾ ਰਖਦਾ ਹੈ। ਦੇਖੋ ਜੀ, ਇਕ ਦਰਖਤ ਹੈ, ਉਸ ਨੂੰ ਹਰੇ ਪੱਤੇ ਲਗੇ ਹਨ। ਜੇ ਉਸ ਦੇ ਪਤਿਆਂ ਨੂੰ ਵਿਅਰਥ ਸਮਝਕੇ ਤੋੜ ਸੁਟੋ ਤਾਂ ਉਸ ਨੂੰ ਫੁਲ ਨਹੀਂ ਪੈਣਗੇ। ਤੇ ਜੇ ਉਸ ਦੇ ਪਏ ਫੁੱਲਾਂ ਨੂੰ ਵਿਅਰਥ ਸਮਝਕੇ ਤੋੜ ਸੁਟੋ ਤਾਂ ਫਲ ਨਹੀਂ ਪਏਗਾ। ਫੁਲ ਹੀ ਅਸਲ ਵਿਚ ਪਲਟਕੇ ਫਲ ਬਣ ਜਾਂਦੇ ਹਨ। ਫਲ ਕੋਈ ਵਖਰੀ ਚੀਜ਼ ਨਹੀਂ, ਫੁਲਾਂ ਦਾ ਹੀ ਰੂਪਾਂਤਰ ਹੈ। ਏਸੇ ਤਰ੍ਹਾਂ ਕਰਮ ਹੀ ਪਲਟ ਕੇ ਗਿਆਨ ਬਣ ਜਾਂਦਾ ਹੈ, ਜੇ ਕਰਮ ਹੀ ਨਸ਼ਟ ਕਰ ਦਿਓ ਤਾਂ ਗਿਆਨ ਕਿੱਥੋਂ ਆਊ?

ਭਗਤ ਰਵਿਦਾਸ ਨੇ ਬੜਾ ਸੂਛ ਦ੍ਰਿਸ਼ਟਾਂਤ ਦਿਤਾ ਹੈ। ਕਰਮ ਅਤੇ ਗਿਆਨ ਦਾ ਅੰਦਰਲਾ ਸੰਬੰਧ ਦਸਿਆ ਹੈ। ਕਿਹਾ ਹੈ ਕਿ ਇਹ ਦੋਨੋਂ ਚੀਜ਼ਾਂ ਕਿਸੇ ਜੀਵਤ ਅਧਾਰ ਵਿਚ ਇਕ ਦੂਜੇ ਨਾਲ ਸੰਬੰਧਤ ਹਨ।

**ਫਲੁ ਲਾਗਾ 'ਤਬ' ਫੂਲੁ ਬਿਲਾਇ॥**

ਲਫਜ਼ ਤਬ ਉਤੇ ਜ਼ੋਰ ਹੈ। ਜੇ ਏਸ 'ਤਬ' ਤੋਂ ਪਹਿਲ ਫੁੱਲ ਨਸ਼ਟ ਕਰ ਦਿਓ ਤਾਂ ਫਲ ਨਹੀਂ ਲਗਣਗੇ।

ਸੇਵਾ ਵਿਹੂਨ ਗਿਆਨ ਟਿਕਦਾ ਨਹੀਂ। ਏਸ ਨੂੰ ਚਰ ਖੜ ਲਿਜਾਂਦੇ ਹਨ। ਇਸ ਕਰਕੇ ਕਿਹਾ ਹੈ:-

**"ਇਸੁ ਤਨ ਮਨ ਮਧੇ ਮਦਨ ਚੋਰ॥**
**ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥"**
(ਬਸੰਤ ਕਬੀਰ ਜੀ, ਪੰਨਾ ੧੧੯੪)

ਸੇਵਾ ਪਹਿਰੇਦਾਰ ਹੈ, ਉਹ ਤਤਪਰ ਰਹਿੰਦੀ ਹੈ, ਚੋਰਾਂ ਦਾ ਦਾਉ ਨਹੀਂ ਲਗਦਾ।

ਸੇਵਾ ਫੁਲ ਹਨ, ਗਿਆਨ ਫਲ ਹੈ। ਬਗ਼ੈਰ ਫੁੱਲਾਂ ਦੇ ਫਲ ਨਹੀਂ। ਏਸੇ ਗੱਲ ਨੂੰ ਸਪਸ਼ਟ ਕਰਨ ਲਈ ਗੁਰੂ ਬਾਬੇ ਨੇ ਅਵਤਾਰ ਲੀਤਾ ਸੀ। ਏਹੋ ਗੱਲ ਦੱਸਣ ਲਈ ਗੁਰੂ ਨਾਨਕ ਦੇਵ ਏਸ ਮਾਤ ਲੋਕ ਉਪਰ ਆਏ ਸਨ। ਉਹਨਾਂ ਨੇ ਏਹੋ ਹੋਕਾ ਦਿਤਾ ਸੀ:-

**'ਜੇਤੇ ਜੀਅ ਤੇਤੇ ਸਭਿ ਤੇਰੇ**
**ਵਿਣੁ ਸੇਵਾ ਫਲੁ ਕਿਸੈ ਨਾਹੀ।'**
(ਆਸਾ ਮ:੧, ਪੰਨਾ ੩੫੪)

## 13.

**ਮੈਨੂੰ** ਨਾ ਵਕਤ ਦਾ ਪਤਾ ਲਗਦਾ ਸੀ; ਨਾ ਦਿਨ ਦਾ, ਨਾ ਰਾਤ ਦਾ। ਸੰਤਾਂ ਦੇ ਬਚਨ ਸੁਣਨੇ ਤੇ ਉਸ ਜੰਗਲ ਦੇ ਪ੍ਰਭਾਵ ਨੂੰ ਰਸ ਵਾਕੁਣ ਚੂਸੀ ਜਾਣਾ। ਰਾਮ ਪਿਆਰੀ ਦੀਆਂ ਲਾਡੀਆਂ ਮਾਡੀਆਂ ਨੇ ਇਕ ਘਰੋਗੀ ਜਿਹਾ ਮੰਡਲ ਪੈਦਾ ਕਰ ਦਿਤਾ ਸੀ। ਸਾਰੇ ਉਸ ਬੱਚੇ ਨਾਲ ਖੇਡਾਂ ਮੱਲਾਂ ਕਰਦੇ ਰਹਿੰਦੇ ਸਨ। ਤਬੀਅਤ ਕਿਸੇ ਗੱਲ ਤੋਂ ਅਕਲਾਉਂਦੀ ਨਹੀਂ ਸੀ। ਸੰਤ ਤੇ ਫਕੀਰ

 www.sikhbookclub.com

ਇਕ ਬੇਬਾਕ ਜਿਹੀ ਸੁਤੰਤ੍ਰਤਾ ਦੇ ਹੁੰਦਿਆਂ ਹੋਇਆਂ ਪਾਰੋ ਦੇ ਪ੍ਰਭਾਵ ਕਰਕੇ ਇਕ ਘਰੋਗੀ ਸਭਯਾਚਾਰ ਦੀ ਸ਼ਕਲ ਬਣਾਈ ਰਖਦੇ ਸਨ। ਪਾਰੋ ਦੇ ਹੋਣ ਕਰਕੇ ਜੰਗਲ ਦਾ ਜੰਗਲੀਪੁਣਾ ਬਿਲਕੁਲ ਨਹੀਂ ਸੀ ਰਿਹਾ।

ਇਕ ਦਿਨ ਸੰਤਾਂ ਨੇ ਸੁਤੇ ਸਿਧ ਬਚਨ ਕੀਤਾ: 'ਬਚੜਾ ਜੀ, ਹੁਣ ਤੁਸੀਂ ਆਪਣੇ ਘਰੀਂ ਫੇਰਾ ਕਰੋ।' ਇਹ ਮੌਤ ਦਾ ਫਤਵਾ ਸੀ।

ਮੈਂ ਉਥੋਂ ਕਿਸ ਤਰ੍ਹਾਂ ਵਿਛੜਿਆ ਇਹ ਗੱਲ ਠੀਕ ਤਰ੍ਹਾਂ ਦੱਸੀ ਨਹੀਂ ਜਾ ਸਕਦੀ। ਇਸ ਦੇ ਦੱਸਣ ਲਈ ਇਕ ਮਹਾਂ ਕਵੀ ਦਾ ਹੁਨਰ ਚਾਹੀਦਾ ਹੈ ਜੋ ਉਸ ਵੇਲੇ ਦੇ ਵਾਯੂ ਮੰਡਲ ਨੂੰ ਬਿਆਨ ਕਰ ਸਕੇ ਤੇ ਉਹ ਚਿਤ੍ਰ ਖਿੱਚ ਸਕੇ, ਜਿਸ ਨਾਲ ਮਨ ਮੰਡਲ ਦੀ ਜ਼੍ਵਾਰਭਾਟਾ ਦੇ ਭਾਵ-ਤਰੰਗਾਂ ਦਾ ਹਿਰਦੇ ਵੇਧਕ ਚਿਤ੍ਰ ਖਿਚਿਆ ਜਾਵੇ। ਪਰ ਟੁਰਨ ਵੇਲੇ ਦੀ ਇਕ ਆਖਰੀ ਗੱਲ ਠੁੱਲ੍ਹੇ ਲਫਜ਼ਾਂ ਵਿਚ ਵੀ ਕਹੀ ਜਾ ਸਕਦੀ ਹੈ। ਰਾਮ ਪਿਆਰੀ ਰੋ ਪਈ, ਉਹ ਘੁੱਟਕੇ ਚੰਬੜ ਗਈ, ਉਸ ਦੀਆਂ ਪਤਲੀਆਂ ਨਰਮ ਲਾਲ ਉਂਗਲਾਂ ਜੱਫੀ ਵਿਚ ਐਸ ਤਰ੍ਹਾਂ ਕੱਸਕੇ ਬੱਝ ਗਈਆਂ ਜਿਸ ਤਰ੍ਹਾਂ ਇਸ਼ਕ ਪੇਚੇ ਦੀ ਵੇਲ ਦੇ ਪੇਚ-ਤੰਤੂ ਆਪਣੀ ਪਕੜ ਕਰਦੇ ਹਨ। ਮੈਂ ਵਾਪਸ ਜਦ ਰਿਖੀਕੇਸ਼ ਪਹੁੰਚਾ ਤਾਂ ਇਕ ਆਦਮੀ ਹੋਕਾ ਦੇ ਰਿਹਾ ਸੀ। 'ਸੰਸਾਰ ਸਮਾਚਾਰ' ਅਖਬਾਰ, ਤਾਜ਼ੀਆਂ ਖਬਰਾਂ, 'ਸੰਸਾਰ ਸਮਚਾਰ' ਅਖਬਾਰ, ਅਖਬਾਰ, ਅਖਬਾਰ। ਮੈਂ ਇਕ ਪਰਚਾ ਲੈ ਲਿਆ, ਸਫੇ ਉਲਟ ਰਿਹਾ ਸੀ ਤਾਂ ਤੀਜੇ ਸਫੇ ਦੇ ਅਖੀਰ ਮੈਨੂੰ ਆਪਣੀ ਤਸਵੀਰ ਛਪੀ ਹੋਈ ਦਿੱਸੀ। ਇਹ ਕੋਈ ਢਾਈ ਇੰਚ ਦੀ ਤਸਵੀਰ ਸੀ। ਹੇਠਾਂ ਮੇਰਾ ਹੀ ਨਾਮ ਸੀ, ਇਕ ਇਸ਼ਤਿਹਾਰ ਜਿਹਾ ਸੀ, ਲਿਖਿਆ ਸੀ:

"ਸਾਡਾ ਬੇਟਾ, ਜੁਆਨ ਉਮਰ, ਅੰਗ੍ਰੇਜ਼ੀ ਫ਼ਾਰਸੀ ਪੜ੍ਹਿਆ, ਰੰਗ ਕਣਕ ਭਿੰਨਾ, ਕੱਦ ਪੰਜ ਫੁੱਟ ਸਾਢੇ ਪੰਜ ਇੰਚ, ਸੁਨਹਿਰੀ ਫ੍ਰੇਮ ਵਾਲੀ ਐਨਕ, ਚਿਹਰੇ ਉਤੇ ਕੋਈ ਦਾਗ਼ ਜਾਂ ਤਿਲ ਨਹੀਂ, ਦਸ ਦਿਨ ਤੋਂ ਗਾਇਬ ਹੈ। ਪਤਾ ਦੇਣ ਵਾਲੇ ਨੂੰ ਮੂੰਹ ਮੰਗਿਆ ਇਨਾਮ। ਪੁਤ੍ਰ! ਜੇ ਤੂੰ ਇਹ ਪੜ੍ਹੇਂ ਤਾਂ ਪੜ੍ਹਦਾ ਘਰ ਆਜਾ। ਤੇਰੀਆਂ ਸਾਰੀਆਂ ਗੱਲਾਂ ਪੂਰੀਆਂ ਕਰਾਂਗੇ। ਤੇਰੀ ਮਾਂ ਸਖ਼ਤ ਬੀਮਾਰ ਹੈ। ਉਸ ਨੇ ਛੇ ਦਿਨ ਤੋਂ ਕੁਛ ਨਹੀਂ ਖਾਧਾ। ਹੁਣ ਮਰਨ ਹਾਕੀ ਹੈ। ਮੂੰਹ ਦੇਖਣਾ ਹਈ ਤਾਂ ਇਕ ਦਮ ਨੱਸ।"

ਇਸ ਪੜ੍ਹਨ ਦਾ ਮੇਰੇ ਉਤੇ ਕੀ ਅਸਰ ਹੋਇਆ ਮੈਂ ਨਹੀਂ ਕਹਿ ਸਕਦਾ। ਐਉਂ ਲਗੇ ਜਿਸ ਤਰ੍ਹਾਂ ਜ਼ਮੀਨ ਪੈਰਾਂ ਹੇਠੋਂ ਖਿਸਕਦੀ ਜਾ ਰਹੀ ਹੈ, ਸਿਰ ਕੁਛ


www.sikhbookclub.com

ਬੇਥਵਾ ਜਿਹਾ ਘਬਰਾ ਕੇ ਚੱਕਰ ਵਿਚ ਫਸ ਗਿਆ ਹੈ। ਮੈਂ ਇਹ ਕੀ ਪਾਪ ਕੀਤਾ ਹੈ ? ਮੇਰੇ ਤੋਂ ਇਹ ਅਵੱਗਯਾ ਕਿਉਂ ਹੋਈ ਹੈ ? ਮੇਰੀ ਮਾਂ ਮਰਣ-ਹਾਕੀ ਕਿਉਂ ਹੋ ਗਈ ਹੈ ? ਕੀ ਇਹ ਮੇਰੀ ਮਾਂ ਹੈ ? ਨਹੀਂ, ਨਹੀਂ, ਇਹ ਮੇਰੀ ਮਾਂ ਨਹੀਂ। ਮੈਨੂੰ ਐਸੀ ਮਾਂ ਨਹੀਂ ਚਾਹੀਦੀ। ਮੈਨੂੰ ਪਾਰੋ ਵਰਗੀ ਮਾਂ ਚਾਹੀਦੀ ਹੈ, ਜਿਸ ਨੇ ਓਪਰੇ ਬੀਮਾਰ ਬੱਚੇ ਨੂੰ ਆਪਣੀ ਛਾਤੀ ਦਾ ਨਿੱਘ ਨਾਲ ਵੱਲ ਕਰ ਦਿੱਤਾ। ਹਾਂ ਐਸੀ ਮਾਂ ਚਾਹੀਦੀ ਹੈ। ਐਸੀ ਨਹੀਂ, ਜੋ ਚੰਗੇ ਭਲੇ ਬੱਚੇ ਨੂੰ ਆਪਣੀ 'ਬੇ-ਬੀਮਾਰੀ' ਨਾਲ ਬੀਮਾਰ ਕਰ ਦੇਵੇ। ਏਸ ਤਰ੍ਹਾਂ ਦੇ ਚੱਕਰਾਂ ਵਿਚ ਫਸਿਆ ਮੈਂ ਟੁਰ ਪਿਆ। ਮੈਂ ਕੋਸ਼ਸ਼ ਕਰਦਾ ਸਾਂ ਮੁੜ ਉਹੋ ਗੱਲਾਂ ਯਾਦ ਕਰਨ ਦੀ। ਮੈਂ ਮੁੜ ਅੱਖਾਂ ਅਗੇ ਲਿਆਉਂਦਾ ਸਾਂ ਉਹੋ ਫਕੀਰ ਸਾਂਈਂ, ਸੰਤ ਨਿਧਾਨ ਸਿੰਘ, ਪਾਰੋ, ਰਾਮ ਪਿਆਰੀ, ਪਰ ਉਸ ਘਬਰਾ ਵਿਚ ਮਨ ਕਿਸੇ ਖਿਆਲ ਉਪਰ ਨਹੀਂ ਸੀ ਟਿਕਦਾ। ਇਤਨੇ ਨੂੰ ਸਾਹਮਣਿਓਂ ਇਕ ਸਰਪਟ ਭਜਦਾ ਟਾਂਗਾ ਲੰਘ ਗਿਆ। ਘੋੜੇ ਦਾ ਪੈਰ ਪੱਕੇ ਫਰਸ਼ ਉਤੇ ਰਪਟ ਗਿਆ, ਘੋੜਾ ਲੇਟ ਗਿਆ, ਸੁਆਰੀਆਂ ਡਿਗਦੀਆਂ ਡਿਗਦੀਆਂ ਮਸਾਂ ਬਚੀਆਂ। ਮੈਂ ਮਦਦ ਲਈ ਨੱਸਿਆ, ਜਾਂਦਿਆਂ ਹੀ ਘੋੜੇ ਦਾ ਤੰਗ ਕੱਟਣ ਲੱਗਾ, ਤੰਗ ਕੱਟਕੇ ਘੋੜੇ ਨੂੰ ਖੜਾ ਕਰ ਦਿੱਤਾ। ਜਿਸ ਫੁਰਤੀ ਨਾਲ ਮੈਂ ਇਹ ਕੰਮ ਕੀਤਾ ਮੈਂ ਹੀ ਜਾਣਦਾ ਹਾਂ। ਘੋੜੇ ਦੀ ਜਾਨ ਅਜ਼ਾਬ ਵਿਚੋਂ ਬੱਚ ਗਈ। ਏਸ ਕੰਮ ਨਾਲ ਮੇਰੇ ਅੰਦਰ ਦੇ ਚੱਕਰ ਹਟ ਗਏ, ਮੈਂ ਫੇਰ ਇਕ ਚੰਗੇ ਭਲੇ ਮਨੁੱਖ ਵਾਕਣ ਹੋ ਗਿਆ। ਜਦ ਮੈਂ ਮੁੜ ਟਾਂਗੇ ਦੀਆਂ ਸੁਆਰੀਆਂ ਵਲ ਤੱਕਿਆ ਤਾਂ ਮੇਰਾ ਤ੍ਰਾਹ ਨਿਕਲ ਗਿਆ। ਟਾਂਗੇ ਵਿਚ ਮੇਰੇ ਚਾਚਾ ਤੇ ਚਾਚੀ ਬੈਠੇ ਸਨ। ਚਾਚੀ ਨੇ ਜ਼ੋਰ ਦੀ ਆਵਾਜ਼ ਦਿੱਤੀ- "ਵੇ ਦੁਸ਼ਟਾ, ਤੂੰ ਐਥੇ ? ਖੜੋ ਤੂੰ, ਅਸੀਂ ਤੈਨੂੰ ਲੱਭ ਲੱਭਕੇ ਬਉਰੇ ਹੋ ਗਏ, ਛੇ ਦਿਨ ਹੋ ਗਏ ਹਨ ਸਾਨੂੰ ਖੇਹ ਛਾਣਦਿਆਂ, ਅੱਜ ਤੂੰ ਲੱਭਾ ਹੈਂ, ਤੈਨੂੰ ਪਤਾ ਹੈ ਤੇਰੀ ਮਾਂ ਦਾ ਕੀ ਹਾਲ ਹੈ ?" ਗੁੱਸੇ ਨਾਲ ਕੰਬਦੀ ਚਾਚੀ ਨੂੰ ਮੈਂ ਮੁਸ਼ਕਲ ਨਾਲ ਟਾਂਗੇ ਤੋਂ ਉਤਾਰਿਆ। ਉਹ ਮੇਰੀ ਖੱਬੀ ਬਾਂਹ ਘੁਟਕੇ ਫੜਕੇ ਖੜੋ ਗਈ। ਉਹ ਕੰਬ ਰਹੀ ਸੀ, ਉਸ ਨਾਲ ਮੇਰੀ ਖੱਬੀ ਬਾਂਹ ਹਿਲ ਰਹੀ ਸੀ। ਚਾਚੇ ਨੇ ਸੱਜੀ ਬਾਂਹ ਫੜ ਲਈ, ਪਰ ਉਹ ਕੰਬਦਾ ਨਹੀਂ ਸੀ। ਉਸ ਦੇ ਹੱਥ ਬਾਂਹ ਨੂੰ ਨਿੱਘੇ ਨਿੱਘੇ ਲਗਦੇ ਸਨ। ਉਹ ਪਿਆਰ ਵਿਚ ਕਹਿ ਰਿਹਾ ਸੀ:-"ਕਾਕਾ ਸ਼ੁਕਰ ਹੈ ਤੂੰ ਜਿਉਂਦਾ ਲੱਭ ਪਿਆ, ਜੀਉਣ ਜੋਗਿਆ! ਸ਼ੁਕਰ ਹੈ ਤੂੰ ਜਿਉਂਦਾ ਦਿੱਸ ਪਿਆ। "ਮੈਂ ਚੁੱਪ ਸਾਂ, ਠੰਡਾ ਸਾਂ, ਧੀਰਜ ਵਿਚ

ਸਾਂ। ਇਕ ਮਿੰਟ ਮੈਨੂੰ ਲੱਗਾ ਕਿ ਚਾਚੀ ਚਾਚਾ ਮੇਰੇ ਖੱਬੇ ਸੱਜੇ ਇੜਾ ਪਿੰਗਲਾ ਹਨ, ਮੈਂ ਵਿਚਕਾਰ ਸੁਖਮਨਾ ਦੀ ਸਹਜ ਅਵਸਥਾ ਵਿਚ ਹਾਂ। ਮੈਂ ਮਨ ਵਿਚ ਹੀ ਸੰਤ ਨਿਧਾਨ ਸਿੰਘ ਨੂੰ ਨਮਸ਼ਕਾਰ ਕੀਤੀ।

## 14.

**ਵਰ੍ਹਾ** ਭਰ ਮੈਂ ਘਰੋਂ ਬਾਹਰ ਨਹੀਂ ਨਿਕਲਿਆ, ਮੇਰੇ ਘਰ ਦੇ ਪਹਿਰਾ ਰਖਦੇ ਸਨ। ਮੈਨੂੰ ਚੰਗਾ ਨਹੀਂ ਸੀ ਲਗਦਾ ਕਿ ਮੈਂ ਉਨ੍ਹਾਂ ਨੂੰ ਤੰਗ ਕਰਾਂ। ਜਦ ਮੁੜ ਮੇਰਾ ਇਤਬਾਰ ਬੱਝਾ ਤੇ ਮੈਨੂੰ ਥੋੜੇ ਚਿਰ ਲਈ ਛੁਟੀ ਮਿਲੀ ਤਾਂ ਮੈਂ ਉਸੇ ਰਿਖੀ ਕੇਸ਼ ਵਾਲੀ ਸੜਕ ਉਤੇ ਪਿਆ। ਸੁਸੂਆ ਨਦੀ ਦੇ ਕੰਢੇ ਕੰਢੇ ਕਾਫੀ ਦੂਰ ਚਲਾ ਗਿਆ, ਪਰ ਉਹ ਟਿੱਬਾ ਨਜ਼ਰੀਂ ਨਾ ਪਿਆ, ਹੋਰ ਅਗਾਂਹ ਗਿਆ, ਹੋਰ ਅਗਾਂਹ, ਪਰ ਕੁਛ ਥਹੁ ਖਿੱਤਾ ਨਾ ਦਿੱਸਿਆ। ਨਿਰਾਸ ਹੋਕੇ ਮੁੜ ਆਇਆ। ਜਦ ਪੁਲ ਉਤੇ ਖੜੋਤਾ ਸਾਂ ਤਾਂ ਇਕ ਬਿਰਧ ਆਇਆ। ਮੈਂ ਉਸ ਨੂੰ ਪੁੱਛਿਆ, ਭਾਈ, ਏਥੇ ਨਜਦੀਕ ਇਕ ਸਾਈਂ ਫਕੀਰ ਰਹਿੰਦਾ ਸੀ ? ਉਸ ਆਖਿਆ, ਹਾਹੋ ਰਹਿੰਦਾ ਸੀ। ਮੈਂ ਕਿਹਾ, ਇਥੇ ਪਾਰੋ ਤੇ ਧੰਨਾ ਸਿੰਘ ਰਹਿੰਦੇ ਸਨ ? ਉਸ ਕਿਹਾ, ਹਾਹੋ ਰਹਿੰਦੇ ਸਨ। ਮੈਂ ਕਿਹਾ, ਉਹ ਸਾਰੇ ਕਿਥੇ ਹਨ ? ਉਸ ਕਿਹਾ, ਵਾਹ ਤੁਹਾਨੂੰ ਪਤਾ ਨਹੀਂ, ਏਥੇ ਬੜਾ ਹੜ੍ਹ ਆਇਆ ਸੀ, ਇਹ ਨਦੀ ਬੜੀ ਚੜ੍ਹ ਗਈ ਸੀ, ਗੰਗਾ ਵੀ ਚੜ੍ਹ ਗਈ ਸੀ, ਭੀਮ ਗੋਡੇ ਦੇ ਬਾਜ਼ਾਰ ਵਿਚ ਪਾਣੀ ਫਿਰ ਗਿਆ ਸੀ, ਹੱਟੀਆਂ ਦੀ ਛਤ ਤੱਕ ਬਾੜ੍ਹ ਆ ਗਈ ਸੀ। ਉਸ ਵੇਲੇ ਪਾਰੋ ਤੇ ਧੰਨਾ ਸਿੰਘ ਨੇ ਲਕੜਾਂ ਬੰਨ੍ਹਕੇ ਇਕ ਬਜੜਾ ਬਣਾਇਆ ਸੀ। ਉਹ ਸਾਰਿਆਂ ਨੂੰ ਬਚਾਉਂਦੇ ਫਿਰਦੇ ਸਨ, ਉਹ ਬਜੜਾ ਗੰਗਾ ਦੇ ਰੋੜ੍ਹ ਵਿਚ ਜਾ ਮਿਲਿਆ ਤੇ ਉਲਟ ਗਿਆ, ਸਾਰੇ ਬੰਦੇ ਡੁਬ ਗਏ, ਜਿਤਨੇ ਸਸੂਆ ਦੇ ਡੁਬਦੇ ਉਨ੍ਹਾਂ ਨੇ ਬਚਾਏ ਸੀ, ਉਹ ਸਾਰੇ ਗੰਗਾ ਨੇ ਡੋਬ ਦਿੱਤੇ। ਉਸੇ ਹੜ੍ਹ ਵਿਚ ਫਕੀਰ ਸਾਈਂ ਤੇ ਸੰਤ ਨਿਧਾਨ ਸਿੰਘ ਲੋਕਾਂ ਨੂੰ ਬਚਾਉਣ ਦੇ ਤਰੱਦਦ ਵਿਚ ਡੁੱਬ ਗਏ। ਹੁਣ ਏਥੋਂ ਦਾ ਨਕਸ਼ਾ ਬਦਲ ਗਿਆ ਹੈ, ਨਾ ਉਹ ਬਰੇਤੀ ਰਹੀ ਹੈ, ਨਾ ਉਹ ਚਮਕਦੇ ਪੱਥਰ। ਇਹ ਕਹਿਕੇ ਉਹ ਬਿਰਧ ਪੁਲ ਦੇ ਹੇਠਾਂ ਉਤਰ ਗਿਆ। ਮੈਂ ਖੜੋਤਾ ਬਿਟ ਬਿਟ ਤਕਦਾ ਰਹਿ ਗਿਆ, ਮੇਰੀਆਂ ਅੱਖਾਂ ਵਿਚ ਹੰਝੂ ਸਨ, ਮੈਂ ਬੇਵਸਾ ਹੋ ਗਿਆ। ਮੈਂ ਜ਼ੋਰ ਦੀ ਚੀਕ ਮਾਰੀ ਤੇ ਕਿਹਾ-- 'ਪਾਰੋ'। ਮੇਰੀ ਆਵਾਜ਼ ਕਿਸੇ ਨੇ ਸੁਣ ਲਈ। ਮੈਨੂੰ ਕਿਸੇ ਨੇ ਗਗਨਾਂ ਦੇ ਪਿਛੋਂ ਜੁਆਬ ਦਿੱਤਾ। ਮੈਂ ਫੇਰ ਹੋਰ ਜ਼ੋਰ ਦੀ ਆਵਾਜ਼ ਮਾਰੀ-- 'ਪਾਰੋ'। ਫੇਰ ਜੁਆਬ ਮਿਲਿਆ।

ਪਰ ਜੁਆਬੀ ਆਵਾਜ਼ ਭਾਰੀ ਤੇ ਗਰਜ ਵਾਲੀ ਸੀ, ਗੋਲ ਨਹੀਂ ਸੀ, ਚੌੜੀ ਜੇਹੀ ਸੀ, ਉਹ ਕਹਿ ਰਹੀ ਸੀ:-

'ਪਾਰ ਹੋ'
ਇਹ ਪਹਾੜਾਂ ਦੀ ਗੂੰਜ ਸੀ।

## 15.

**ਮੇਰੀ** ਚੀਕ ਸੁਣਕੇ ਉਹ ਬਿਰਧ ਫੇਰ ਹੇਠੋਂ ਚੜ੍ਹਕੇ ਪੁਲ ਦੇ ਉਪਰ ਆ ਗਿਆ ਤੇ ਕੁਛ ਧੀਰਜ ਦੇ ਲਫਜ਼ ਕਹਿਣ ਲਗਾ। ਮੈਂ ਕਿਹਾ: ਭਾਈ! ਉਨ੍ਹਾਂ ਵਿਚੋਂ ਕੋਈ ਬਚਿਆ ਵੀ? ਉਸ ਕਿਹਾ, ਸੁਣਦੇ ਹਾਂ ਇਕ ਛੋਟੀ ਲੜਕੀ ਬਚੀ ਸੀ। ਪਾਰੋ ਨੇ ਬੱਚੇ ਨੂੰ ਇਕ ਫੱਟੇ ਨਾਲ ਬੰਨ੍ਹ ਦਿੱਤਾ ਸੀ। ਕਹਿੰਦੇ ਹਨ ਉਹ ਫੱਟਾ ਕਿਸੇ ਬਰੇਤੀ ਨਾਲ ਜਾ ਲਗਾ ਸੀ। ਪਿਛੋਂ ਕਿਸੇ ਨੇ ਬਚਾ ਲਿਆ। ਮੈਂ ਕਿਹਾ, ਹਾਇ ਇਹ ਰਾਮ ਪਿਆਰੀ ਹੀ ਹੋਣੀ ਹੈ। ਮੈਂ ਉਸ ਨੂੰ ਹੁਣ ਕਿਥੋਂ ਲੱਭਾਂ, ਮੈਂ ਕਿਹੜੇ ਅਖਬਾਰ ਵਿਚ ਇਸ਼ਤਿਹਾਰ ਛਪਵਾਵਾਂ? ਕੀ ਇਹ ਛਪਵਾ ਦਿਆਂ:-

"ਇਕ ਲੜਕੀ ਗ਼ਾਇਬ ਹੈ। ਉਸ ਦਾ ਨਾਮ ਰਾਮਪਿਆਰੀ ਹੈ, ਉਹ ਹੜ੍ਹ ਵਿਚ ਰੁੜ੍ਹਕੇ ਬਰੇਤੀ ਵਿਚ ਪੈ ਗਈ ਸੀ। ਉਹ ਪਾਰੋ ਦੇ ਜਿਗਰ ਦਾ ਟੋਟਾ ਸੀ। ਉਹ ਪਾਰਸ ਦਾ ਟੁਕੜਾ ਸੀ। ਉਸ ਨੂੰ ਦਰਿਆ ਵਿਚ ਡੁਬਦੀ ਦੇਖਕੇ ਮੁਗ਼ਲਖਾਂ ਘਬਰਾ ਗਿਆ ਸੀ ਤੇ ਪੁਕਾਰ ਉਠਿਆ ਸੀ ਕਿ ਹੇ ਦਰਵੇਸ਼, ਮੇਰੇ 'ਏਸ' ਪਾਰਸ ਦੇ ਟੁਕੜੇ ਨੂੰ ਮੋੜਦੇ। ਉਸ ਨੂੰ ਵਿਆਕਲ ਦੇਖਕੇ ਭਾਈ ਕਨ੍ਹੱਯਾ ਨੇ ਨਦੀ ਨੂੰ ਕਿਹਾ ਸੀ: ਹੇ ਹਰੋ ਹਮਾਰੀ ਵਸਤ ਫੇਰ ਦੇਹ ਜੋ ਮੁਗ਼ਲ ਬਿਆਕਲ ਹੋਤਾ ਹੈ।"

ਮੈਂ ਏਸ ਤਰ੍ਹਾਂ ਦਾ ਇਸ਼ਤਿਹਾਰ ਅਖਬਾਰ ਵਿਚ ਛਪਵਾਉਣ ਵਾਸਤੇ ਬਣਾ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਇਨਾਮ ਕੀ ਰਖਾਂ। ਇਹ ਮਨੋ-ਵੇਗ ਸੀ, ਪਰ ਏਸ ਬਨਾਉਣ ਨਾਲ ਇਕ ਗੱਲ ਦਾ ਗਯਾਨ ਹੋ ਗਿਆ ਕਿ ਇਹ ਰੁੜ੍ਹਕੇ ਬਚਣ ਵਾਲੀ ਕੁੜੀ ਜ਼ਰੂਰ ਰਾਮਪਿਆਰੀ ਸੀ। ਰਾਮਪਿਆਰੀ ਹੀ ਫਕੀਰ ਸਾਈਂ ਦੀ ਬਰੇਤੀ ਤੇ ਜਾਣ ਲਈ ਪਾਣੀ ਵਿਚ ਰੁੜ੍ਹਨ ਲਈ ਉਤਾਵਲੀ ਰਹਿੰਦੀ ਸੀ ਤੇ ਇਕ ਵੇਰ ਹਟਕਨ ਉਪਰ ਸੰਤ ਨਿਧਾਨ ਸਿੰਘ ਕੋਲ ਸ਼ਿਕਾਇਤ ਲੈ ਕੇ ਵੀ ਚਲੀ ਗਈ ਸੀ ਕਿ 'ਪਾਰੋ ਮਾਰਦੀ'। ਪਾਰੋ ਦੇ ਐਸੇ ਜਿਗਰ ਦੇ ਪਾਰਸ ਟੋਟੇ ਨੇ ਜ਼ਰੂਰ ਬਰੇਤੀ ਉਤੇ ਜਾਕੇ ਟਿਕਣਾ ਸੀ। ਏਸ ਹਾਦਸੇ ਨੂੰ ਅੱਜ ਤੇਤੀ ਵਰ੍ਹੇ ਹੋ ਗਏ ਹਨ ਤੇ ਹੁਣ ਇਹ ਖਿਆਲ ਆਇਆ ਕਿ ਇਤਨੀਆਂ ਪੁਰਾਣੀਆਂ

ਗੱਲਾਂ ਯਾਦ ਕਰਕੇ ਲਿਖ ਦੇਂਦਾ ਹਾਂ ਤੇ ਇਕ ਲੇਖ ਦੀ ਸ਼ਕਲ ਵਿਚ ਅਖਬਾਰ ਵਿਚ ਛਪਵਾ ਦੇਂਦਾ ਹਾਂ। ਸ਼ਾਇਦ ਇਹ ਅਖ਼ਬਾਰ ਉਸ ਰਾਜ ਮਹਲ ਵਿਚ ਪਹੁੰਚ ਜਾਵੇ ਜਿਥੇ ਰਾਮਪਿਆਰੀ ਅਸ਼੍ਰਰਜ ਦਾ ਸੁਖ ਮਾਣ ਰਹੀ ਹੋਵੇ। ਸ਼ਾਇਦ ਉਸ ਨੂੰ ਕੋਈ ਇਹ ਸੁਣਾ ਦੇਵੇ। ਸ਼ਾਇਦ ਕੋਈ ਪੁਰਾਣੇ ਸੰਸਕਾਰ ਜਾਗ ਉੱਠਣ। ਸ਼ਾਇਦ ਸੰਤ ਨਿਧਾਨ ਸਿੰਘ ਉਸ ਦੇ ਹਿਰਦੇ ਵਿਚ ਲੁਕਿਆ ਬੈਠਾ ਹੋਵੇ। ਸ਼ਾਇਦ ਉਹ ਸੰਤ ਲਿਖਤ ਦ੍ਵਾਰਾ ਇਕ ਵੇਰ ਫੇਰ ਉਸ ਦੀ ਕਿਸਮਤ ਪਲਟ ਦੇਵੇ। ਸ਼ਾਇਦ ਉਸ ਦੇ ਅੰਦਰੋਂ ਉਹ ਲੋਰੀ ਦੀ ਆਵਾਜ਼ ਜਾਗ ਉਠੇ ਜਿਸ ਨਾਲ ਪਾਰੋ ਨੂੰ ਝੂਲੇ ਉਤੇ ਇਹ ਗਾ ਕੇ ਸੁਆ ਦੇਂਦੀ ਹੁੰਦੀ ਸੀ:-

**"ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥"**
(ਸਿਰੀ ਰਾਗ ਮ:੧, ਪੰਨਾ ੨੬)

❒ ❒ ❒ ❒ ❒